ਪਰਮੇਸ਼ਰ ਨਹੀਂਚਾਹੁੰਦੇਕਿ ਅਸੀਂ ਆਗਿਆ ਮੰਨਣ ਅਤੇ ਦੂਜੇਆਂ ਨੂੰ ਦਸਣ ਤੋਂ ਪਹਿਲਾਂ ਇੰਨਾ ਨੂੰ ਜਾਣਨ ਤਕ ਇੰਤਜ਼ਾਰ ਕਰੀਏ.ਇਹ ਕਦੇ ਨਹੀ ਹੋਵੇਗਾ। ਪਰਮੇਸ਼ਰ ਇਹ ਆਸ ਨਹੀ ਕਰਦੇ ਕਿ ਵਧਣ ਤੋਂ ਪਹਿਲਾਂ ਅਸੀਂਸਿਯਾਣੇ ਹੋਜਾਈਏ. ਓਹ ਚਾਹੁੰਦੇ ਹਨ ਅਸੀਂ ਸਹੀ ਤਰੀਕੇ ਵਧੀਏ।

ਪਰਮੇਸ਼ਰ ਚਾਹੁੰਦੇ ਹਨ ਜੋ ਅਸੀਂ ਜਾਣਦੇ ਹਾਂ ਉਸ ਦਾ ਪਾਲਨ ਕਰੀਏ ਤੇ ਜੋ ਸੁਣਿਆ ਹੈ ਉਸਨੂੰ ਸਾਂਝਾ ਕਰੀਏ। ਅਤੇ ਪਰਮੇਸ਼ਰ ਚਾਹੁੰਦੇ ਹਨ ਕਿ ਅਸੀਂ ਦੂਜਿਆਂ ਨੂੰ ਵੀ ਇਹੀ ਸਿਖਾਈਏ .ਆਖ਼ਰ ਇਹੀ ਤਾਂ ਹੈ ਆਗਿਆ ਮੰਨਣਾ ਤੇ ਸਾਂਝਾ ਕਰਨਾ ਜੋ ਓਹ ਪਹਿਲਾਂ ਹੀ ਕਰਨ ਲਈ ਕਹਿ ਚੁਕੇ ਹਨ .ਇਹ ਸਿਆਣੇ ਹੋਣ ਤੇ ਵਧਣ ਦਾ ਮਾਰਗ ਹੈ।

## ਚਰਚਾ ਕਰੋ

**(10 ਮਿੰਟ)**

ਪਰਮੇਸ਼ੁਰ ਦੇ ਅਰਥਪ੍ਰਬੰਧ ਅਤੇ ਗੱਲਾਂ ਨੂੰ ਕੀਤੇ ਜਾਣ ਦੇ ਸਾਡੇ ਸੰਸਾਰਿਕ ਢੰਗ ਵਿਚਕਾਰ ਕਿਹੜੀਆਂ ਕੁਝ ਭਿੰਨਤਾਵਾਂ ਹਨ?

**ਯਿਸੂ ਨੇ ਆਖਿਆ, "ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ।"**

## ਚਰਚਾ ਕਰੋ

**(10 ਮਿੰਟ)**

- ਜਦੋਂ ਤੁਸੀਂ ਉਸ ਦੇ "ਗਵਾਹ" ਹੋਣ ਅਤੇ ਉਸ ਦੀ ਕਹਾਣੀ ਨੂੰ ਦੱਸਣ ਦੇ ਪਰਮੇਸ਼ੁਰ ਦੇ ਹੁਕਮ ਨੂੰ ਸੁਣਦੇ ਹੋ ਤਾਂ ਤੁਹਾਡੇ ਮਨ ਵਿੱਚ ਕੀ ਆਉਂਦਾ ਹੈ?
- ਤੁਹਾਡੇ ਅਨੁਸਾਰ ਕਿਉਂ ਯਿਸੂ ਨੇ ਉਸ ਦੀ ਖੁਸ਼ਖਬਰੀ ਨੂੰ ਵੰਡਣ ਲਈ ਕੋਈ ਹੋਰ ਢੰਗ ਚੁਣਨ ਦੀ ਬਜਾਏ ਆਮ ਲੋਕਾਂ ਨੂੰ ਕਿਉਂ ਚੁਣਿਆ?
- ਪਰਮੇਸ਼ੁਰ ਦੀ ਕਹਾਣੀ ਨੂੰ ਜ਼ਿਆਦਾ ਅਰਾਮਦਾਇਕ ਢੰਗ ਨਾਲ ਵੰਡਣਾ ਮਹਿਸੂਸ ਕਰਨ ਵਾਸਤੇ ਤੁਹਾਨੂੰ ਕਿਸ ਦੀ ਲੋੜ ਹੋਵੇਗੀ?

**ਇੰਜੀਲ**

ਇੱਥੇ ਪਰਮੇਸ਼ੁਰ ਦੀ ਕਹਾਣੀ (ਖੁਸ਼ਖਬਰੀ ਵੀ ਆਖਿਆ ਜਾਂਦਾ) ਨੂੰ ਦੱਸਣ ਲਈ ਕੋਈ ਇੱਕ "ਸਭ ਤੋਂ ਉੱਤਮ ਢੰਗ" ਨਹੀਂ ਹੈ, ਕਿਉਂਕਿ ਸਭ ਤੋਂ ਉੱਤਮ ਢੰਗ ਇਸ ਤੇ ਨਿਰਭਰ ਹੋਵੇਗਾ ਕਿ ਤੁਸੀਂ ਕਿਸ ਨਾਲ ਵੰਡ ਰਹੇ ਹੋ। ਹਰੇਕ ਚੇਲੇ ਨੂੰ ਇੱਕ ਅਜਿਹੇ ਢੰਗ ਵਿੱਚ ਕਹਾਣੀ ਨੂੰ ਵੰਡਣਾ ਸਿੱਖਣ ਦੇ ਯੋਗ ਹੋਣਾ ਚਾਹੀਦਾ ਹੈ ਜਿਹੜਾ ਵਚਨ ਅਨੁਸਾਰ ਸੱਚ ਹੈ ਅਤੇ ਜਿਨ੍ਹਾਂ ਦਰਸ਼ਕਾਂ ਨਾਲ ਉਹ ਵੰਡ ਰਹੇਂ ਉਨ੍ਹਾਂ ਨਾਲ ਓਹਨਾਂ ਨੂੰ ਜੋੜਦਾ ਹੈ।

ਹੇਠ ਲਿਖੀਆਂ ਦੋ ਪੇਸ਼ਕਾਰੀਆਂ ਦੀ ਸਮੀਖਿਆ ਕਰੋ ਅਤੇ ਅਭਿਆਸ ਲਈ ਇੱਕ ਚੁਣੋ।

## ਪੜ੍ਹੋ

**(5 ਮਿੰਟ)**

**ਪੇਸ਼ਕਾਰੀ 1**

ਇਸ ਸੈਸ਼ਨ ਵਿੱਚ, ਅਸੀਂ ਸਿਖਾਂਗੇ ਕਿ ਪਰਮੇਸ਼ਰ ਦੀ ਕਹਾਣੀ ਨੂੰ ਕਿਵੇਂ ਦਸਣਾ ਹੈ – ਇੰਜੀਲ – ਸ਼੍ਰਿਸਟੀ ਦੀ ਰਚਨਾ ਤੋਂ ਨਿਆਂ ਦੇ ਦਿਨ ਤੱਕ, ਮਾਨਵ ਜਾਤੀ ਦੀ ਸ਼ੁਰੂਆਤ ਤੋਂ ਦੁਨਿਆ ਦੇ ਅੰਤ ਤੱਕ।ਪਰਮੇਸ਼ਰ ਦੀ ਕਹਾਣੀ ਸੁਨਾਣ ਦੇ ਬਹੁਤ ਸਾਰੇ ਤਰੀਕੇ ਹਨ।

ਸਭ ਤੋਂ ਵਧੀਆ ਤਰੀਕਾ ਓਸ ਆਦਮੀ ਤੇ ਨਿਰਭਰ ਹੋਵੇਗਾ ਜਿਹਨੂੰ ਤੁਸੀਂ ਦੱਸ ਰਹੇ ਹੋ ਅਤੇ ਦੁਨੀਆਂ ਦੇ ਲਈ ਓਹਨਾ ਦਾ ਨਜ਼ਰਿਆ ਅਤੇ ਜੀਵਨ ਵਿੱਚ ਓਹਨਾ ਦਾ ਅਨੁਭਵ।

ਪਰਮੇਸ਼ਰ ਪਰਚਾਰ ਕਰਨ ਦੇ ਲਈ ਸੁਣਨ ਦੇ ਲਈ ਇਛੁਕ ਵਿਅਕਤੀ ਦਾ ਇਸਤੇਮਾਲ ਕਰਦਾ ਹੈ।

ਇਹ ਓਹਨਾ ਦਾ ਕੰਮ ਹੈ। ਇਹਦੇ ਵਿੱਚ ਜੁੜਨ ਲਈ ਓਹ ਸਾਨੂੰ ਬੁਲਾਉਦੇ ਹਨ।

ਪਰਮੇਸ਼ਰ ਦੀ ਕਹਾਣੀ ਨੂੰ ਦਸਣ ਦਾ ਇੱਕ ਤਰੀਕਾ ਇਹ ਦਸਣਾ ਹੈ ਕਿ ਸ਼੍ਰਿਸਟੀ ਦੀ ਰਚਨਾ ਤੋਂ ਲੈ ਕੇ ਪਰਮੇਸ਼ਰ ਦੇ ਨਿਆਂ ਦੇ ਦਿਨ ਤੱਕ ਕਿ ਹੋਇਆ। ਜਦੋਂ ਅਸੀਂ ਇਸ ਤਰਾਂ ਨਾਲ ਪਰਮੇਸ਼ਰ ਦੀ ਕਹਾਣੀ ਸੁਣਾਂਦੇ ਹਾਂ, ਤਾਂ ਅਸੀਂ ਇਹਨੂੰ ਲੰਮਾ ਜਾਂ ਛੋਟਾ ਬਣਾ ਸਕਦੇ ਹਾਂ, ਵਿਸਥਾਰ ਵਿੱਚ ਜਾਂ ਸੰਖੇਪ ਵਿੱਚ ਪਰ ਸੁਣਨ ਵਾਲੇ ਦੇ ਸਭਿਚਾਰ ਨਾਲ ਜੁੜੇ ਰਹੀ ਕੇ। ਵੱਖ-ਵੱਖ ਸਭਿਆਚਾਰ ਅਤੇ ਦੁਨਿਆ ਦੇ ਨਜ਼ਰੀਏ ਨਾਲ ਓਹਨਾਂ ਦੀ ਕਹਾਣੀ ਨੂੰ ਦੱਸਣ ਵਿੱਚ , ਤੁਸੀਂ ਆਪਣੇ ਹਥਾਂ ਦੀ ਵਰਤੋ ਕਰ ਸਕਦੇ ਹੋ, ਜੋ ਸਿਖਣਾ ਅਤੇ ਸਿਖਾਣਾ ਆਸਾਨ ਬਣਾਉਂਦਾ ਹੈ।

ਇਹ ਪਰਮੇਸ਼ਰ ਦੇ ਇੰਜੀਲ ਦੀ ਕਹਾਣੀ ਹੈ –

ਸ਼ੁਰੂ ਵਿਚ, ਪਰਮੇਸ਼ੁਰ ਨੇ ਸਾਰੀ ਦੁਨੀਆਂ ਅਤੇ ਇਸ ਵਿਚਲੀਆਂ ਸਾਰੀਆਂ ਚੀਜ਼ਾਂ ਬਣਾਈਆਂ। ਉਸ ਨੇ ਪਹਿਲੇ ਮਨੁੱਖ ਅਤੇ ਪਹਿਲੇ ਮਹਿਲਾ ਨੂੰ ਬਣਾਇਆ ਉਸ ਨੇ ਉਨ੍ਹਾਂ ਨੂੰ ਇਕ ਸੁੰਦਰ ਬਾਗ਼ ਵਿਚ ਰੱਖਿਆ। ਉਸ ਨੇ ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਬਣਾ ਦਿੱਤਾ ਅਤੇ ਉਹਨਾਂ ਦੇ ਨਾਲ ਇੱਕ ਨਿਘਾ ਰਿਸ਼ਤਾ ਬਣਾਈਆ ਸੀ। ਉਸ ਨੇ ਸਦਾ ਲਈ ਰਹਿਣ ਲਈ ਉਨ੍ਹਾਂ ਨੂੰ ਬਣਾਇਆ। ਮੌਤ ਜਿਹੀ ਕੋਈ ਗੱਲ ਹੀ ਨਹੀਂ ਸੀ। ਅਜਿਹੇ

ਸੰਪੂਰਨ ਸਥਾਨ ਤੇ ਵੀ, ਮਨੁੱਖ ਨੇ ਪਰਮੇਸ਼ਰ ਦੇ ਖਿਲਾਫ਼ ਬਗਾਵਤ ਕੀਤੀ ਅਤੇ ਦੁਨੀਆਂ ਵਿੱਚ ਪਾਪ ਅਤੇ ਦੁੱਖ ਨੂੰ ਲੈ ਕੇ ਆਇਆ। ਪਰਮੇਸ਼ਰ ਨੇ ਬਾਗ਼ ਵਿੱਚੋਂ ਆਦਮੀ ਨੂੰ ਕੱਢਿਆ। ਆਦਮੀ ਅਤੇ ਪਰਮਾਤਮਾ ਵਿਚਕਾਰ ਰਿਸ਼ਤਾ ਟੁੱਟਾ ਗਇਆ। ਹੁਣ ਇਨਸਾਨ ਨੂੰ ਮੌਤ ਦਾ ਸਾਹਮਣਾ ਕਰਨਾ ਸੀ।

ਹਜ਼ਾਰਾਂ ਸਾਲਾਂ ਤੋਂ, ਪਰਮੇਸ਼ਰ ਨੇ ਦੁਨੀਆ ਵਿਚ ਸੰਦੇਸ਼ਵਾਹਕ ਭੇਜੇ। ਉਨ੍ਹਾਂ ਨੇ ਆਦਮੀ ਨੂੰ ਆਪਣੇ ਪਾਪ ਬਾਰੇ ਚੇਤੇ ਕਰਾਇਆ ਪਰ ਉਸ ਪਰਮੇਸ਼ਰ ਦੀ ਵਫ਼ਾਦਾਰੀ ਅਤੇ ਵਾਅਦੇ ਬਾਰੇ ਵੀ ਦੱਸਿਆ ਕਿ ਓਹ ਸੰਸਾਰ ਵਿੱਚ ਇੱਕ ਮੁਕਤੀਦਾਤਾ ਨੂੰ ਭੇਜੇਗਾ।

ਮੁਕਤੀਦਾਤਾ ਪਰਮੇਸ਼ਰ ਅਤੇ ਆਦਮੀ ਵਿਚਕਾਰ ਗੂੜ੍ਹਾ ਰਿਸ਼ਤਾ ਮੁੜ ਸਥਾਪਿਤ ਕਰੇਗਾ। ਮੁਕਤੀਦਾਤਾ ਆਦਮੀ ਨੂੰ ਮੌਤ ਤੋਂ ਬਚਾਉਂਦਾ ਹੈ. ਮੁਕਤੀਦਾਤਾ ਸਦਾ ਦੀ ਜ਼ਿੰਦਗੀ ਦੇਵੇਗਾ ਅਤੇ ਮਨੁੱਖ ਦੇ ਨਾਲ ਹਮੇਸ਼ਾ ਰਹੇਗਾ।

ਪਰਮੇਸ਼ਰ ਸਾਡੇ ਨਾਲ ਇੰਨਾ ਪਿਆਰ ਕਰਦਾ ਹੈ ਕਿ ਜਦੋਂ ਸਮਾਂ ਸਹੀ ਸੀ। ਉਸ ਨੇ ਆਪਣੇ ਬੇਟੇ ਨੂੰ ਇਸ ਮੁਕਤੀਦਾਤਾ ਬਣਨ ਲਈ ਸੰਸਾਰ ਵਿੱਚ ਭੇਜਿਆ। ਯਿਸੂ ਪਰਮੇਸ਼ਰ ਦਾ ਪੁੱਤਰ ਸੀ ਉਹ ਇੱਕ ਕੁਆਰੀ ਦੇ ਜ਼ਰੀਏ ਸੰਸਾਰ ਵਿੱਚ ਪੈਦਾ ਹੋਇਆ ਸੀ. ਉਹ ਇੱਕ ਸੰਪੂਰਨ ਜੀਵਨ ਜੀਉਂਦਾ ਰਿਹਾ। ਉਸ ਨੇ ਕਦੇ ਪਾਪ ਨਹੀਂ ਕੀਤਾ।

ਯਿਸੂ ਨੇ ਲੋਕਾਂ ਨੂੰ ਪਰਮੇਸ਼ਰ ਬਾਰੇ ਸਿਖਾਇਆ. ਉਸਨੇ ਬਹੁਤ ਸਾਰੇ ਕਰਿਸ਼ਮੇ ਕੀਤੇ ਆਪਣੀ ਮਹਾਨ ਸ਼ਕਤੀ ਦੇ ਨਾਲ। ਉਸਨੇ ਬਹੁਤ ਸਾਰੇ ਭੂਤਾਂ ਨੂੰ ਕੱਢ ਦਿੱਤਾ। ਉਸ ਨੇ ਬਹੁਤ ਸਾਰੇ ਲੋਕਾਂ ਨੂੰ ਚੰਗਾ ਕੀਤਾ। ਉਸਨੇ ਅੰਨ੍ਹੇ ਨੂੰ ਵੇਖਣ ਲਾਇਆ ਅਤੇ ਬਹਿਰੇ ਨੂੰ ਸੁਣਨ ਲਾਇਆ ਤੇ ਲੰਗੜੇ ਨੂੰ ਚੱਲਣ ਲਗਾ ਦਿੱਤਾ। ਯਿਸੂ ਨੇ ਮਰੇ ਹੋਏ ਨੂੰ ਵੀ ਉਭਾਰਿਆ। ਬਹੁਤ ਸਾਰੇ ਧਾਰਮਿਕ ਆਗੂ ਯਿਸੂ ਤੋਂ ਡਰਦੇ ਸਨ ਅਤੇ ਈਰਖਾ ਕਰਦੇ ਸਨ। ਉਹ ਉਸ ਨੂੰ ਮਾਰਨਾ ਚਾਹੁੰਦੇ ਸੀ।

ਓਹਨਾਂ ਨੇ ਕਦੇ ਪਾਪ ਨਹੀਂ ਕੀਤਾ ਸੀ, ਇਸ ਕਰਕੇ ਯਿਸੂ ਨੂੰ ਮਰਨ ਨਹੀਂ ਸੀ, ਪਰ ਉਸ ਨੇ ਸਾਡੇ ਲਈ ਇੱਕ ਕੁਰਬਾਨੀ ਦੇ ਤੌਰ ਤੇ ਮਰਨਾ ਚੁਣਿਆ ਹੈ। ਓਹਨਾਂ ਦੀ ਦਰਦਨਾਕ ਮੌਤ ਨੇ ਮਨੁੱਖਜਾਤੀ ਦੇ ਪਾਪਾਂ ਨੂੰ ਖਤਮ ਕਰ ਦਿੱਤਾ। ਇਸ ਦੇ ਬਾਅਦ, ਯਿਸੂ ਨੂੰ ਇੱਕ ਕਬਰ ਵਿੱਚ ਦਫ਼ਨਾ ਦਿੱਤਾ ਗਿਆ। ਪਰਮੇਸ਼ਰ ਨੇ ਯਿਸੂ ਦੀ ਕੁਰਬਾਨੀ ਨੂੰ ਵੇਖਿਆ ਅਤੇ ਇਸ ਨੂੰ ਸਵੀਕਾਰ ਕੀਤਾ। ਤੀਜੇ ਦਿਨ ਯਿਸੂ ਨੂੰ ਮੌਤ ਵਿਚੋਂ ਜਿੰਦਾ ਕਰਦੇ ਹੋਏ ਪਰਮੇਸ਼ਰ ਨੇ ਆਪਣੀ ਮੌਜੂਦਗੀ ਨੂੰ ਦਿਖਾਇਆ।

ਪਰਮੇਸ਼ੁਰ ਨੇ ਕਿਹਾ ਕਿ ਜੇ ਅਸੀਂ ਵਿਸ਼ਵਾਸ ਕਰੀਏ ਅਤੇ ਆਪਣੇ ਪਾਪਾਂ ਲਈ ਯਿਸੂ ਦੀ ਕੁਰਬਾਨੀ ਨੂੰ ਗ੍ਰਹਿਣ ਕਰੀਏ – ਜੇ ਅਸੀਂ ਆਪਣੇ ਪਾਪਾਂ ਤੋਂ ਮੂੰਹ ਫੇਰੀਏ ਅਤੇ ਯਿਸੂ ਦੇ ਪਿਛੇ ਚਲਿਏ, ਪਰਮੇਸ਼ਰ ਸਾਨੂੰ ਸਾਰੇ ਪਾਪਾਂ ਤੋਂ ਸ਼ੁਧ ਕਰ ਦੇਵੇਗਾ ਅਤੇ ਆਪਣੇ ਪਰਿਵਾਰ ਵਿੱਚ ਸਾਡਾ ਸੁਆਗਤ ਕਰੇਗਾ।

ਪਰਮੇਸ਼ੁਰ ਨੇ ਸਾਡੇ ਅੰਦਰ ਰਹਿਣ ਲਈ ਪਵਿੱਤਰ ਆਤਮਾ ਨੂੰ ਭੇਜਦਾ ਹੈ ਅਤੇ ਸਾਨੂੰ ਯਿਸੂ ਦੇ ਪਿਛੇ ਚਲਨ ਦੇ ਯੋਗ ਬਣਾਉਂਦਾ ਹੈ। ਇਸ ਚੰਗੇ ਸਬੰਧ ਨੂੰ ਦਿਖਾਉਣ ਲਈ ਅਤੇ ਇਸ 'ਤੇ ਮੋਹਰ ਲਗਾਉਣ ਲਈ ਸਾਨੂੰ ਪਾਣੀ ਵਿੱਚ ਬਪਤਿਸਮਾ ਦਿੱਤਾ ਜਾਂਦਾ ਹੈ। ਮੌਤ ਦੇ ਪ੍ਰਤੀਕ ਦੇ ਤੌਰ ਤੇ ਸਾਨੂੰ ਪਾਣੀ ਵਿੱਚ ਗੱਡਿਆ ਜਾਂਦਾ ਹੈ। ਨਵੇਂ ਜੀਵਨ ਦੇ ਪ੍ਰਤੀਕ ਦੇ ਤੌਰ ਤੇ ਸਾਨੂੰ ਪਾਣੀ ਵਿੱਚ ਉਭਾਰਿਆ ਜਾਂਦਾ ਹੈ – ਯਿਸੂ ਦੇ ਪਿਛੇ ਚਲਣ ਦੇ ਲਈ। ਮੌਤ ਵਿਚੋ ਜੀਅ ਉਠਣ ਤੇ ਯਿਸੂ ਨੇ ਧਰਤੀ ਤੇ 40 ਦਿਨ ਬਿਤਾਏ।

ਯਿਸੂ ਨੇ ਆਪਣੇ ਚੇਲੇ ਨੂੰ ਸਿਖਾਇਆ ਕਿ ਸੰਸਾਰ ਵਿੱਚ ਹਰ ਜਗ੍ਹਾ ਜਾ ਕੇ ਸਾਰੇ ਲੋਕਾਂ ਨੂੰ ਓਹਨਾਂ ਦੇ ਉਧ੍ਹਾਰ ਦੀ ਇੰਜੀਲ ਸੁਨਾਓ। ਯਿਸੂ ਨੇ ਕਿਹਾ – ਇਸਲਈ ਤੁਸੀਂ ਜਾਓ, ਸੱਬ ਜਾਤੀਆਂ ਦੇ ਲੋਕਾਂ ਨੂੰ ਚੇਲੇ ਬਣਾਓ ਅਤੇ ਓਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਨਾਲ ਬਪਤਿਸਮਾ ਦਵੋ, ਅਤੇ ਓਹਨਾਂ ਨੂੰ ਸੱਬ ਗੱਲਾਂ ਮੰਨਣਾ ਸਿਖਾਓ ਜਿਹਦੀ ਆਗਿਆ ਮੈਂ ਤੁਹਾਨੂੰ ਦਿੱਤੀ ਹੈ, ਅਤੇ ਵੇਖੋ, ਮੈ ਜਗਤ ਦੇ ਅੰਤ ਤੱਕ ਹਮੇਸ਼ਾ ਤੁਹਾਡੇ ਨਾਲ ਹਾਂ।

ਯਿਸੂ ਓਹਨਾਂ ਦੀਆਂ ਅਖਾਂ ਦੇ ਸਾਹਮਣੇ ਸਵਰਗ ਵਿੱਚ ਚੱਕ ਲਿੱਤੇ ਗਏ। ਯਿਸੂ ਇੱਕ ਦਿਨ, ਇਸੀ ਤਰਾਂ ਨਾਲ ਵਾਪਿਸ ਆਉਣਗੇ। ਜਿਸਨੇ ਉਸ ਨੂੰ ਪਿਆਰ ਨਾ ਕੀਤਾ, ਅਤੇ ਉਸ ਦਾ ਕਹਿਣਾ ਨਾ ਮਨਿਆ, ਓਹਨੂੰ ਉਹ ਬੇਅੰਤ ਸਜ਼ਾ ਦੇਵੇਗਾ। ਜਿਸਨੇ ਉਸ ਨੂੰ ਪਿਆਰ ਕੀਤਾ, ਅਤੇ ਉਸ ਦਾ ਕਹਿਣਾ ਮਨਿਆ, ਓਹਨਾ ਨੂੰ ਉਹ ਸਦਾ ਦੇ ਲਈ ਗ੍ਰਹਿਣ ਕਰੇਗਾ ਅਤੇ ਇਨਾਮ ਦੇਵੇਗਾ। ਅਸੀਂ ਉਸਦੇ ਨਾਲ ਨਵੇਂ ਸਵਰਗ ਵਿੱਚ ਅਤੇ ਨਵੀਂ ਧਰਤੀ ਤੇ ਹਮੇਸ਼ਾ ਜਿਵਿਤ ਰਹਾਂਗੇ।

ਮੇਰੇ ਪਾਪਾਂ ਦੇ ਲਈ ਯਿਸੂ ਨੇ ਜੋ ਬਲਿਦਾਨ ਦਿੱਤਾ ਹੈ ਉਸਤੇ ਤੇ ਮੈਂ ਵਿਸ਼ਵਾਸ ਕੀਤਾ ਹੈ ਅਤੇ ਇਸਨੂੰ ਗ੍ਰਹਿਣ ਕੀਤਾ ਹੈ। ਓਹਨਾਂ ਨੇ ਮੈਨੂੰ ਸ਼ੁਧ ਕੀਤਾ ਅਤੇ ਪਰਮੇਸ਼ਰ ਦੇ ਪਰਿਵਾਰ ਦੇ ਜੀਅ ਦੇ ਰੂਪ ਵਿੱਚ ਮੋੜ ਲਿਆ। ਉਹ ਤੁਹਾਨੂੰ ਪਿਆਰ ਕਰਦੇ ਹਨ, ਮੈਂ ਉਹਨਾ ਨੂੰ ਪਿਆਰ ਕਰਦਾ ਹਾਂ ਅਤੇ ਉਹਨਾ ਦੇ ਰਾਜ ਵਿੱਚ ਸਦਾ ਜਿਉਂਦਾ ਰਹੂੰਗਾ।

ਪਰਮੇਸ਼ਰ ਤੁਹਾਨੂੰ ਪਿਆਰ ਕਰਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਤੁਸੀਂ ਇਹ ਦਾਤ ਨੂੰ ਗ੍ਰਹਿਣ ਕਰੋ। ਕਿ ਤੁਸੀਂ ਹੁਣ ਇਹਨੂੰ ਗ੍ਰਹਿਣ ਕਰਨਾ ਚਾਹੁੰਦੇ ਹੋ ?

---

**ਪੜ੍ਹੋ**

**(5 ਮਿੰਟ)**

**ਪੇਸ਼ਕਾਰੀ 2**

ਜ਼ੁਮੇ ਸਿਖਲਾਈ ਵਿੱਚ ਤੁਹਾਡਾ ਫਿਰ ਤੋਂ ਸੁਆਗਤ ਹੈ।

ਇਸ ਸੈਸ਼ਨ ਵਿੱਚ, ਅਸੀਂ ਸਿਖਾਂਗੇ ਕਿ ਕਿਵੇਂ ਪਰਮੇਸ਼ੁਰ ਦੀ ਕਹਾਣੀ – ਖੁਸ਼ਖਬਰੀ ਨੂੰ – "ਤਿੰਨ ਚੱਕਰ" ਅਖਵਾਏ ਜਾਂਦੇ ਇੱਕ ਸਾਧਨ ਦੀ ਵਰਤੋਂ ਦੁਆਰਾ ਵੰਡਣਾ ਹੈ।

ਇੱਥੇ ਪਰਮੇਸ਼ੁਰ ਦੀ ਕਹਾਣੀ ਨੂੰ ਵੰਡਣ ਦੇ ਬਹੁਤ ਸਾਰੇ ਢੰਗ ਹਨ।

ਸਭ ਤੋਂ ਉੱਤਮ ਢੰਗ ਜਿਸ ਵਿਅਕਤੀ ਨਾਲ ਤੁਸੀਂ ਵੰਡ ਰਹੇ ਹੋ ਅਤੇ ਸੰਸਾਰ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਅਤੇ ਉਨ੍ਹਾਂ ਦੇ ਜੀਵਨ ਦੇ ਅਨੁਭਵਾਂ ਉੱਤੇ ਨਿਰਭਰ ਹੋਵੇਗਾ। ਪਰਮੇਸ਼ੁਰ ਵੰਡਣ ਲਈ ਇਛੁੱਕ ਦਿਲਾਂ ਨੂੰ ਸੁਣਨ ਲਈ ਇਛੁੱਕ ਦਿਲਾਂ ਲਈ ਵਰਤਦਾ ਹੈ। ਇਹ ਉਸ ਦਾ ਕੰਮ ਹੈ। ਉਹ ਸਿਰਫ ਸਾਨੂੰ ਨਾਲ ਸ਼ਾਮਲ ਹੋਣ ਲਈ ਸੱਦਾ ਦਿੰਦਾ ਹੈ।

ਅਸੀਂ ਦੁੱਖਾਂ, ਮੌਤ, ਯੁੱਧ, ਬਿਮਾਰੀ, ਅਤੇ ਨਸ਼ੇ ਦੀਆਂ ਆਦਤਾਂ ਦੀਆਂ ਕਹਾਣੀਆਂ ਨੂੰ ਵੇਖਦੇ ਅਤੇ ਸੁਣਦੇ ਹਾਂ। ਇਹ ਹਰ ਜਗ੍ਹਾ ਹੈ। ਪਰ ਇਹ ਪਰਮੇਸ਼ੁਰ ਦਾ ਅਰੰਭਕ ਢਾਂਚਾ ਨਹੀਂ ਹੈ।

ਪਰਮੇਸ਼ੁਰ ਦਾ ਸਿੱਧ ਢਾਂਚਾ ਪਿਆਰ, ਅਨੰਦ, ਏਕਤਾ ਅਤੇ ਸ਼ਾਂਤੀ ਨਾਲ ਭਰਿਆ ਹੋਇਆ ਸੰਸਾਰ ਹੈ।

ਜਿਸ ਢੰਗ ਨਾਲ ਅਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਸਿੱਧ ਢਾਂਚੇ ਤੋਂ ਬਾਹਰ ਕੱਢਿਆ ਅਤੇ ਟੁੱਟੇਪਣ ਵਿੱਚ ਆਏ ਉਹ ਕੁਝ ਓਹ ਹੈ ਜਿਸ ਨੂੰ ਅਸੀਂ "ਪਾਪ" ਆਖਦੇ ਹਾਂ।

ਪਾਪ ਪਰਮੇਸ਼ੁਰ ਦੇ ਢੰਗ ਤੋਂ ਮੁੜਨਾ ਅਤੇ ਸਾਡੇ ਆਪਣੇ ਢੰਗ ਦੇ ਪਿੱਛੇ ਚੱਲਣਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਅੱਡ ਕਰਦਾ ਹੈ। ਪਾਪ ਸਾਨੂੰ ਟੁੱਟੇਪਣ ਵਿੱਚ ਪਾਉਂਦਾ ਹੈ। ਪਾਪ ਆਤਮਿਕ ਮੌਤ ਵਿੱਚ ਸਾਡੀ ਅਗਵਾਈ ਕਰਦਾ ਹੈ।

ਲੋਕ ਟੁੱਟੇਪਣ ਤੋਂ ਬਾਹਰ ਆਉਣਾ ਚਾਹੁੰਦੇ ਹਨ। ਅਸੀਂ ਬਾਹਰ ਨਿੱਕਲਣ ਲਈ ਸਭ ਕਿਸਮ ਦੀਆਂ ਵੱਖ-ਵੱਖ ਕੋਸ਼ਿਸ਼ਾਂ ਕਰਦੇ ਹਾਂ। ਸਾਡੇ ਵਿੱਚੋਂ ਕੁਝ ਨਸ਼ੇ ਅਤੇ ਸ਼ਰਾਬ ਦੀ ਕੋਸ਼ਿਸ਼ ਕਰਦੇ ਹਨ। ਸਾਡੇ ਵਿੱਚੋਂ ਕੁਝ ਇੱਕ ਚੰਗੀ ਨੌਕਰੀ ਦੇ ਰਾਹੀਂ ਜਾਂ ਬਹੁਤ ਸਾਰਾ ਪੈਸਾ ਕਮਾਉਣ ਦੇ ਦੁਆਰਾ ਬਾਹਰ ਆਉਣ ਦੀ ਕੋਸ਼ਿਸ਼ ਕਰਦੇ ਹਾਂ। ਸਾਡੇ ਵਿੱਚੋਂ ਕੁਝ ਸੋਚਦੇ ਹਨ ਕਿ ਇੱਕ ਰਿਸ਼ਤਾ ਉਨ੍ਹਾਂ ਨੂੰ ਬਾਹਰ ਕੱਢੇਗਾ। ਕੁਝ ਧਰਮ ਨਾਲ ਵੀ ਕੋਸ਼ਿਸ਼ ਕਰਦੇ ਹਨ – ਅਸੀਂ ਸੋਚਦੇ ਹਾਂ ਕਿ ਚੰਗਾ ਵਿਹਾਰ ਜਾਂ ਹੋਰਨਾਂ ਦੀ ਸਹਾਇਤਾ ਕਰਨਾ ਸਾਨੂੰ ਅਜ਼ਾਦ ਕਰੇਗਾ।

ਇਨ੍ਹਾਂ ਵਿੱਚੋਂ ਕੁਝ ਵੀ ਕਦੇ ਅਸਲ ਵਿੱਚ ਟੁੱਟੇਪਣ ਦੀ ਸਮੱਸਿਆ ਨੂੰ ਦੂਰ ਨਹੀਂ ਕਰਦਾ ਹੈ। ਇੱਥੋਂ ਤੱਕ ਕਿ ਜਦੋਂ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਇੱਕ ਪਲ ਲਈ ਬਾਹਰ ਆ ਗਏ ਹਾਂ...ਅਸੀਂ ਠੀਕ ਉੱਥੇ ਹੀ ਵਾਪਸ ਚਲੇ ਜਾਂਦੇ ਹਾਂ ਜਿੱਥੋਂ ਅਸੀਂ ਅਰੰਭ ਕੀਤਾ ਸੀ। ਇੱਥੇ ਇੱਕ ਮੁਸ਼ਕਿਲ ਸਚਿਆਈ ਹੈ। ਜੇਕਰ ਅਸੀਂ ਅਜੇ ਵੀ ਇੱਥੇ ਹਾਂ – ਅਜੇ ਵੀ ਟੁੱਟੇਪਣ ਵਿੱਚ – ਤਾਂ ਜਦੋਂ ਇਹ ਜੀਵਨ ਸਮਾਪਤ ਹੋਵੇਗਾ, ਫਿਰ ਬਾਈਬਲ ਆਖਦੀ ਹੈ ਕਿ ਅਸੀਂ ਸਦਾ ਸਥਾਈ ਤੌਰ ਤੇ ਪਰਮੇਸ਼ੁਰ ਤੋਂ ਅੱਡ ਹੁੰਦੇ ਹਾਂ। ਸਦਾ ਲਈ।

ਬਾਈਬਲ ਉਸ ਸਥਾਨ ਨੂੰ "ਨਰਕ" ਆਖਦੀ ਹੈ।

ਪਰ ਪਰਮੇਸ਼ੁਰ ਨਹੀਂ ਚਾਹੁੰਦਾ ਹੈ ਕਿ ਅਸੀਂ ਟੁੱਟੇਪਣ ਵਿੱਚ ਰਹੀਏ।

ਬਾਈਬਲ ਆਖਦੀ ਹੈ – ਪਰਮੇਸ਼ੁਰ ਨੇ ਸਾਨੂੰ ਐਨਾ ਜ਼ਿਆਦਾ ਪਿਆਰ ਕੀਤਾ ਕਿ ਉਸ ਨੇ ਆਪਣਾ ਪੁੱਤਰ ਸਾਨੂੰ ਬਾਹਰ ਕੱਢਣ ਲਈ ਇੱਕ ਰਾਹ ਬਣਾਉਣ ਵਾਸਤੇ ਭੇਜਿਆ। ਯਿਸੂ ਸਾਡੇ ਪਾਪ ਨੂੰ ਮਿਟਾਉਣ ਦੇ ਲਈ ਅਤੇ ਸਾਡੇ ਟੁੱਟੇਪਣ ਤੋਂ ਦੂਰ ਕਰਨ ਲਈ ਆਇਆ।

ਇਸ ਲਈ ਯਿਸੂ, ਪਰਮੇਸ਼ੁਰ ਦੇ ਪੁੱਤਰ ਨੇ, ਆਪਣੀ ਮੌਤ ਦੇ ਨਾਲ ਸਾਡੇ ਪਾਪ ਨੂੰ ਰੱਦ ਕੀਤਾ।

ਯਿਸੂ ਦੇ ਮਰਨ ਅਤੇ ਦਫਨਾਏ ਜਾਣ ਤੋਂ ਤਿੰਨ ਦਿਨਾਂ ਬਾਅਦ, ਉਹ ਮੁਰਦਿਆਂ ਵਿੱਚੋਂ ਜੀ ਉੱਠਿਆ। ਉਸ ਦੇ ਵੱਡੇ ਬਲੀਦਾਨ ਦੇ ਕਾਰਨ, ਪਰਮੇਸ਼ੁਰ ਨੇ ਯਿਸੂ ਨੂੰ ਸਵਰਗ ਵਿੱਚ ਸਭ ਕੁਝ ਦਾ ਅਤੇ ਧਰਤੀ ਉੱਤੇ ਸਭ ਕੁਝ ਦਾ ਰਾਜਾ ਬਣਾਇਆ।

ਰਾਜਾ ਯਿਸੂ ਨੇ ਸਾਡੇ ਲਈ ਟੁੱਟੇਪਣ ਤੋਂ ਬਾਹਰ ਆਉਣ ਦਾ ਇੱਕ ਰਾਹ ਕੱਢਿਆ। ਪਰਮੇਸ਼ੁਰ ਨੇ ਆਖਿਆ ਕਿ ਜੇਕਰ...

...ਅਸੀਂ ਸਾਡੇ ਪਾਪ ਤੋਂ ਮੁੜਦੇ ਹਾਂ...

...ਅਤੇ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਸਾਡੇ ਲਈ ਮਰਿਆ...

...ਅਤੇ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਲੈਂਦੇ ਹਾਂ...

ਤਦ ਪਰਮੇਸ਼ੁਰ ਸਾਨੂੰ....ਯਿਸੂ ਦੇ ਵਾਂਙ ਹੀ...ਪਰਮੇਸ਼ੁਰ ਦੇ ਪਰਿਵਾਰ ਦੇ ਇੱਕ ਹਿੱਸੇ ਵਜੋਂ ਨਵੇਂ ਕਿਸਮ ਦੇ ਜੀਵਨ ਵਿੱਚ ਚੱਲਣ ਲਈ ...ਸਦਾ ਲਈ ਜੀਉਂਦਾ ਕਰਦਾ ਹੈ।

ਅਸੀਂ ਫਿਰ ਟੁੱਟੇ ਹੋਏ ਸੰਸਾਰ ਵਿੱਚ ਇਸ ਨਵੇਂ ਜੀਵਨ ਦਾ ਨਮੂਨਾ ਦਿੰਦੇ ਹਾਂ, ਅਤੇ ਯਿਸੂ ਦੀ ਵਾਪਸੀ ਦੀ ਉਡੀਕ ਕਰਦੇ ਹਾਂ ਜਦੋਂ ਉਹ ਇੱਕ ਨਵਾਂ ਅਕਾਸ਼ ਅਤੇ ਨਵੀਂ ਧਰਤੀ ਨੂੰ ਬਣਾਵੇਗਾ ਜਿੱਥੇ ਕਿ ਅਸੀਂ ਸਿੱਧ ਸੰਪੂਰਨਤਾ ਵਿੱਚ ਸਦਾ ਲਈ ਉਸ ਨਾਲ ਹੋ ਸਕਦੇ ਹਾਂ।

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਨਾਲ ਸਾਡੇ ਸੰਬੰਧ ਵਿੱਚ ਵਧੀਏ। ਪਰਮੇਸ਼ੁਰ ਸਾਨੂੰ ਉਸ ਦੇ ਮੂਲ ਸਿੱਧ ਢਾਂਚੇ ਵਿੱਚ ਵਾਪਸ ਬਹਾਲ ਕਰਨਾ ਚਾਹੁੰਦਾ ਹੈ।

ਪਰਮੇਸ਼ੁਰ ਦੇ ਪਰਿਵਾਰ ਦਾ ਹਿੱਸਾ ਹੁੰਦੇ ਹੋਏ, ਯਿਸੂ ਨੇ ਸਾਨੂੰ ਇੱਕ ਮਿਸ਼ਨ ਦਿੱਤਾ ਹੈ – ਜੀਉਣ ਦੇ ਲਈ ਇੱਕ ਕਾਰਨ – ਅਤੇ ਸਭ ਤੋਂ ਉੱਤਮ ਸੰਭਵ ਜੀਵਨ ਬਿਤਾਉਣ ਦਾ ਇੱਕ ਰਾਹ।

ਯਿਸੂ ਦਾ ਮਿਸ਼ਨ ਸਾਡੇ ਲਈ ਜਾਣ ਦਾ ਹੈ।

ਯਿਸੂ ਸਾਨੂੰ ਭੇਜਦਾ ਹੈ – ਠੀਕ ਜਿਵੇਂ ਕਿ ਉਸ ਦੇ ਪਿਤਾ ਪਰਮੇਸ਼ੁਰ ਨੇ ਉਸ ਨੂੰ ਭੇਜਿਆ – ਵਾਪਸ ਟੁੱਟੇਪਣ ਵਿੱਚ ਤਾਂ ਜੋ ਅਸੀਂ ਦੂਜਿਆਂ ਨੂੰ ਅਜ਼ਾਦ ਹੋਣ ਵਿੱਚ ਅਤੇ ਸਦਾ ਲਈ ਪਰਮੇਸ਼ੁਰ ਦੇ ਪਰਿਵਾਰ ਦਾ ਹਿੱਸਾ ਬਣਨ ਲਈ ਮਦਦ ਕਰ ਸਕੀਏ।

ਇਸ ਤਿੰਨ ਚੱਕਰੀ ਸੰਸਾਰ ਵਿੱਚ, ਇੱਥੇ ਸਿਰਫ ਦੋ ਕਿਸਮ ਦੇ ਲੋਕ ਹੁੰਦੇ ਹਨ –

ਲੋਕ ਜਿਹੜੇ ਕਿ ਤੁਸੀਂ ਹੋ...ਪਰਮੇਸ਼ੁਰ ਦੇ ਸਿੱਧ ਢਾਂਚੇ ਦੇ ਇੱਕ ਭਾਗ ਵਜੋਂ ਪਰਮੇਸ਼ੁਰ ਦੇ ਛੁਟਕਾਰੇ ਦੇ ਮਿਸ਼ਨ ਅਨੁਸਾਰ ਜੀਵਨ ਬਿਤਾਉਂਦੇ ਹੋਏ....ਪਰਮੇਸ਼ੁਰ ਨਾਲ ਉਸ ਦੇ ਸਦਾ ਲਈ ਪਰਿਵਾਰ ਵਜੋਂ ਮੁੜ ਜੁੜਨ ਵਿੱਚ ਸਹਾਇਤਾ ਕਰਦੇ ਹੋਏ।

ਜਾਂ...

ਲੋਕ ਜਿਹੜੇ ਕਿ ਅਜੇ ਵੀ...ਟੁੱਟੇਪਣ ਵਿੱਚ ਹਨ...ਅਜ਼ਾਦ ਹੋਣ ਦੀ ਕੋਸ਼ਿਸ਼ ਕਰ ਰਹੇ ਹਨ...ਇਹ ਆਸ ਕਰਦੇ ਹੋਏ ਕਿ ਕੋਈ ਉਨ੍ਹਾਂ ਨੂੰ ਆ ਕੇ ਬਚਾਵੇਗਾ।

ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਹੁਣ ਕਿੱਥੇ ਹੋ?

ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਕਿੱਥੇ ਹੋਣਾ ਚਾਹੁੰਦੇ ਹੋ?

ਇੱਥੇ ਪਰਮੇਸ਼ੁਰ ਦੀ ਕਹਾਣੀ ਨੂੰ ਵੰਡਣ ਦੇ ਬਹੁਤ ਸਾਰੇ ਢੰਗ ਹਨ। ਮਹੱਤਵਪੂਰਣ ਗੱਲ ਵੰਡਣਾ ਹੈ। ਪਰਮੇਸ਼ੁਰ ਵੰਡਣ ਲਈ ਇਛੁੱਕ ਦਿਲਾਂ ਨੂੰ ਸੁਣਨ ਲਈ ਇਛੁੱਕ ਦਿਲਾਂ ਉੱਤੇ ਕੰਮ ਕਰਨ ਲਈ ਵਰਤਦਾ ਹੈ। ਇਹ ਉਸ ਦਾ ਕੰਮ ਹੈ। ਉਹ ਸਾਨੂੰ ਸਿਰਫ ਉਸ ਨਾਲ ਸ਼ਾਮਲ ਹੋਣ ਲਈ ਸੱਦਦਾ ਹੈ।

## ਕਿਰਿਆ

**(45 ਮਿੰਟ)**

**ਖੁਸ਼ਖਬਰੀ ਵੰਡੋ**

- ਤੁਹਾਡੇ ਦੁਆਰਾ ਦੇਖੇ ਗਏ ਦੋ ਪੇਸ਼ਕਾਰੀਆਂ ਵਿੱਚੋਂ ਇੱਕ ਚੁਣੋ।
- ਦੋ ਜਾਂ ਤਿੰਨ ਲੋਕਾਂ ਦੇ ਸਮੂਹਾਂ ਵਿੱਚ ਚਲੇ ਜਾਓ।
- ਇੱਕ ਦੂਜੇ ਨਾਲ ਖੁਸ਼ਖਬਰੀ ਨੂੰ ਵੰਡਣ ਦੀਆਂ ਵਾਰੀ ਲਉ।

## ਪੜ੍ਹੋ

**(5 ਮਿੰਟ)**

**ਬਪਤਿਸਮਾ**

ਯਿਸੂ ਨੇ ਕਿਹਾ – "ਤੁਸੀਂ ਜਾਕੇ ਸਾਰੀਆਂ ਕੌਮਾਂ ਦੇ ਲੋਕਾਂ ਨੂੰ ਚੇਲਾਬਣਾਓ, ਅਤੇ ਓਨਾਂ ਨੂੰ ਪਿਤਾ ਅਤੇ ਪੁਤ੍ਰਅਤੇ ਪਵਿਤ੍ਰ ਆਤਮਾਦੇ ਨਾਂ ਤੇ ਬਪਤਿਸਮਾ ਦਿਓ ..." ਬਪਤਿਸਮਾ ਦੇਣਾ ਜਾਂ ਕਰਨਾ ਦਾ ਮੂਲ ਭਾਸ਼ਾ ਵਿੱਚ ਅਰਥ ਹੈ ਡਬੋਣਾ ਜਾਂ ਭਿਉਣਾ– ਜਿਵੇਂ ਕਿ ਜਦੋਂ ਤੁਸੀਂ ਇਕ ਕਪੜੇ ਨੂੰ ਰੰਗਦੇ ਹੋ ਤਾਂ ਉਸਨੂੰ ਰੰਗ ਵਿੱਚ ਡਬੋਂਦੇ ਹੋ ਤਾਂ ਬਾਹਰ ਕੱਡਣ ਤੇ ਉਸਦਾ ਰੰਗ ਬਦਲਿਆ ਹੋਇਆ ਹੁੰਦਾ ਹੈ।

ਬਪਤਿਸਮਾ ਸਾਡੇ ਨਵੇਂ ਜੀਵਨ ਦੀ ਇਕ ਤਸਵੀਰ ਹੈ, ਜੋ ਯਿਸੂ ਦੀ ਛੱਬ ਚ ਡੁਬੋਈ ਗਈਅਤੇ ਪਰਮੇਸ਼ਰ ਦੀਆਗੀਆਕਾਰਿਤਾ ਵਿੱਚ ਬਦਲੀ ਗਈ ਹੈ। ਇਹ ਸਾਡੇ ਪਾਪਾਂ ਦੇ ਨਸ਼ਟ ਹੋਣ ਦੀ ਤਸਵੀਰ ਹੈ, ਜਿਵੇਂ ਕਿ ਯਿਸੂ ਸਾਡੇ ਪਾਪਾਂ ਦੇ ਲਈ ਮੋਏ ਸਨ, ਸਾਡੇ ਪੁਰਾਣੇ ਜੀਵਨ ਦੀ ਮੌਤ ਹੈ, ਮਸੀਹ ਚ ਨਵੇਂ ਜੀਵਨ ਦਾ ਪੁਨਰਜਨਮ ਹੈ, ਜਿਵੇਂ ਕਿ ਯਿਸੂ ਜਿਵਾਏ ਗਏ ਸਨ ਅਤੇ ਅੱਜ ਵੀ ਹਨ।

ਜੇ ਤੁਸੀਂ ਪਹਿਲਾਂ ਕਦੇ ਕਿਸੇ ਦਾ ਬਪਤਿਸਮਾ ਨਹੀਂ ਕੀਤਾ, ਇਹ ਸ਼ਾਇਦ ਥੋੜ੍ਹਾ ਡਰਾਵਨਾ ਲੱਗੇ, ਪਰ ਅਜੇਹਾ ਹੋਣਾ ਨਹੀ ਚਾਹਿਦਾ ...ਏਥੇ ਕੁਝ ਅਸਾਨ ਕਦਮ ਹਨ। ਕੁਝ ਜਮਾ ਕੀਤਾ ਹੋਇਆ ਪਾਣੀ ਲਓ, ਜੋ ਇੰਨਾਂ ਗਹਿਰਾ ਹੋਵੇ ਜਿਸ ਵਿੱਚ ਇਕ ਨਵਾਂ ਚੇਲਾ ਡੁੱਬ ਸਕੇ। ਜਿਵੇਂ ਕਿ ਇਕ ਤਲਾ, ਨਦੀ, ਝੀਲਜਾਂ ਸਮੰਦਰ ਹੋਵੇ, ਇਹ ਇਕ ਬਾਥਟੱਬ ਵੀ ਹੋ ਸਕਦਾ ਹੈ ਜਾਂ ਅਜੇਹਾ ਕੁਝ ਵੀ ਜਿਸ ਵਿੱਚ ਪਾਣੀ ਜਮਾ ਹੋ ਸਕੇ।

ਚੇਲੇ ਦਾ ਇਕ ਹੱਥ ਆਪਣੇਹੱਥ ਚ ਪਕੜੋ ਅਤੇ ਦੂਜੇ ਹੱਥ ਨਾਲ ਉਸਨੂੰ ਪਿਛੋਓ ਸਹਾਰਾ ਦਿਓ।

ਓਨਾਂ ਤੋਂ ਦੋ ਸਵਾਲ ਪੁਛੋ ਜੋ ਇਹ ਪੱਕਾ ਕਰਨ ਕਿ ਓਹ ਓਨਾਂ ਦੇ ਫੈਸਲੇ ਨੂੰ ਸਮਝ ਗਏ।

- ਕੀ ਤੁਸੀਂ ਯਿਸੂ ਮਸੀਹ ਨੂੰ ਆਪਣੇ ਪਰਮੇਸ਼ਰ ਜਾਂ ਰਖਿਅਕ ਦੇ ਰੂਪ ਵਿੱਚ ਪਰਾਪਤ ਕੀਤਾ ਹੈ ?
- "ਕੀ ਤੁਸੀਂ ਜੀਵਨ ਭਰ ਓਨਾਂ ਦੀ ਆਪਣੇ ਰਾਜਾ ਦੇ ਰੂਪ ਵਿੱਚ ਸੇਵਾ ਤੇ ਆਗਿਆ ਪਾਲਨ ਕਰੋਗੇ"

ਜੇ ਦੋਨੋ ਸਵਾਲਾਂ ਦਾ ਜਵਾਬ "ਹਾਂ" ਹੈਤਾਂ ਕੁਝ ਇਸ ਤਰਾਂ ਕਹੋ:

- “ਕਿਓਂਕੀ ਤੁਸੀਂ ਪ੍ਰਭੂ ਯਿਸੂ ਵਿੱਚ ਆਪਣੇ ਵਿਸ਼ਵਾਸ ਨੂੰ ਜਾਹਰ ਕਰ ਦਿੱਤਾ, ਤਾਂ ਮੈ ਹੁਣ ਤੁਹਾਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂ ਤੇ ਬਪਤਿਸਮਾ ਦਿੰਦਾ ਹਾਂ।”

ਪਾਣੀ ਦੇ ਅੰਦਰ ਤੱਕ ਜਾਣ ਚਓਨਾਂ ਦੀ ਸਹਾਇਤਾ ਕਰੋ, ਉਨਾਂ ਨੂੰ ਪੂਰੀ ਤਰਾਂ ਡਬੋਓ ਅਤੇ ਵਾਪਸ ਉੱਪਰ ਚੱਕੋ।

ਤੁਸੀਂ ਯਿਸੂ ਦੇ ਇਕ ਨਵੇਂ ਚੇਲੇ ਦਾ ਬਪਤਿਸਮਾ ਕਰ ਦਿੱਤਾ – ਸੁਰਗ ਦਾ ਇਕ ਨਵਾਂ ਨਾਗਰਕ – ਪਰਮੇਸ਼ਰ ਦੇ ਇਕ ਨਵੇਂ ਬੱਚੇ ਦੇਰੂਪ ਚ। ਸਮਾਂ ਹੈ ਜਸ਼ਨ ਮਨਾਣ ਦਾ।

ਬਪਤਿਸਮਾ – ਯਿਸੂ ਵੱਲੋਂ ਆਪਣੇ ਚੇਲਿਆਂ ਨੂੰ ਦਿੱਤਾ ਗਿਆ ਪਹਿਲਾ ਜਸ਼ਨ ਅਤੇ ਜ਼ੁਮੇ ਟੂਲਕਿਟਦਾ ਇਕ ਨਿਰਮਾਣ।

---

## ਚਰਚਾ ਕਰੋ

**(10 ਮਿੰਟ)**

- ਕੀ ਤੁਸੀਂ ਕਦੇ ਕਿਸੇ ਨੂੰ ਬਪਤਿਸਮਾ ਦਿੱਤਾ ਹੈ?
- ਕੀ ਤੁਸੀਂ ਕਦੇ ਇਸ ਬਾਰੇ ਵਿਚਾਰ ਕਰੋਗੇ?
- ਜੇਕਰ ਮਹਾਨ ਆਗਿਆ ਯਿਸੂ ਦੇ ਹਰੇਕ ਚੇਲੇ ਲਈ ਹੈ, ਤਾਂ ਕੀ ਇਸ ਦਾ ਅਰਥ ਇਹ ਹੈ ਕਿ ਹਰੇਕ ਚੇਲੇ ਕੋਲ ਹੋਰਨਾਂ ਨੂੰ ਬਪਤਿਸਮਾ ਦੇਣ ਦੀ ਇਜਾਜ਼ਤ ਹੈ? ਕਿਉਂ ਜਾਂ ਕਿਉਂ ਨਹੀਂ?

---

**ਮਹੱਤਵਪੂਰਣ ਚੇਤਾਵਨੀ – ਕੀ ਤੁਹਾਡਾ ਬਪਤਿਸਮਾ ਹੋਇਆ ਹੈ?**

ਜੇਕਰ ਨਹੀਂ, ਤਦ ਅਸੀਂ ਇਸ ਸਿਖਲਾਈ ਵਿੱਚ ਇੱਕ ਵੀ ਹੋਰ ਸੈਸ਼ਨ ਤੋਂ ਪਹਿਲਾਂ ਇਸ ਲਈ ਯੋਜਨਾ ਬਣਾਉਣ ਵਾਸਤੇ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ। ਆਪਣੇ ਸਮੂਹ ਨੂੰ ਇਸ ਮਹੱਤਵਪੂਰਣ ਦਿਨ ਦਾ ਇੱਕ ਹਿੱਸਾ ਹੋਣ ਦਾ ਸੱਦਾ ਦਿਉ ਜਦੋਂ ਤੁਸੀਂ ਯਿਸੂ ਨੂੰ “ਹਾਂ” ਕਹਿਣ ਦਾ ਜਸ਼ਨ ਮਨਾਉਂਦੇ ਹੋ।

---

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ ਸੁਣੇ ਗਏ ਸਿਧਾਂਤ:**

- ਆਤਮਿਕ ਅਰਥਪ੍ਰਬੰਧ

**ਇਸ ਸੈਸ਼ਨ ਵਿੱਚ ਸੁਣੇ ਗਏ ਸਾਧਨ:**

- ਇੰਜੀਲ
- ਬਪਤਿਸਮਾ

---

**ਮਹੱਤਵਪੂਰਣ ਚੇਤਾਵਨੀ – ਤੁਹਾਡਾ ਸਮੂਹ ਅਗਲੇ ਹਫ਼ਤੇ ਪ੍ਰਭੂ ਭੋਜ ਕਰ ਰਿਹਾ ਹੋਵੇਗਾ। ਇਸ ਦੀ ਪੂਰਤੀ ਦੀਆਂ ਵਸਤਾਂ (ਰੋਟੀ ਅਤੇ ਮੈ/ ਦਾਖਰਸ) ਨੂੰ ਲਿਆਉਣਾ ਚੇਤੇ ਰੱਖੋ।**

---

## ਇੱਕ ਅੰਤਰਾਲ ਲਉ

---

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ, ਅਸੀਂ ਇਨ੍ਹਾਂ ਸਿਧਾਂਤਾਂ ਨੂੰ ਸੁਣਾਂਗੇ ਅਤੇ ਚਰਚਾ ਕਰਾਂਗੇ:**

- ਦਰਸ਼ਣ ਭਰਨਾ ਅਤੇ ਮਹਾਨ ਬਰਕਤ
- ਡਕਲਿੰਗ ਚੇਲਾਪਣ
- ਜਿੱਥੇ ਰਾਜ ਨਹੀਂ ਹੈ ਨੂੰ ਵੇਖਣ ਲਈ ਅੱਖਾਂ

**ਅਤੇ ਅਸੀਂ ਸਾਡੀ ਟੂਲਕਿੱਟ ਵਿੱਚ ਇਨ੍ਹਾਂ ਸਾਧਨਾਂ ਨੂੰ ਸ਼ਾਮਲ ਕਰਾਂਗੇ:**

- ਤਿੰਨ ਮਿੰਟ ਦੀ ਗਵਾਹੀ
- ਪ੍ਰਭੂਭੋਜ

---

## ਪੜ੍ਹੋ

**(5 ਮਿੰਟ)**

**ਤਿੰਨ ਮਿੰਟ ਦੀ ਗਵਾਹੀ**

ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ – "ਤੁਸੀਂ ਇੰਨਾਂ ਸਬ ਗੱਲਾ ਦੇ ਗਵਾਹ ਹੋ।" ਯਿਸੂ ਦੇ ਇਕ ਚੇਲੇ ਦੇ ਰੂਪ ਵਿੱਚ, ਅਸੀਂ "ਗਵਾਹ" ਵੀ ਹਾਂ, ਯਿਸੂਦਾ ਸਾਡੇ ਜੀਵਨਾਂ ਵਿੱਚ ਜੋ ਪਰਭਾਵ ਪਿਆ ਓਸ ਬਾਰੇ "ਵਿੱਚ ਗਵਾਹੀ ਦੇਣ ਵਾਲੇ।" ਪਰਮੇਸ਼ਰ ਦੇ ਨਾਲ ਤੁਹਾਡੇ ਸਬੰਧ ਦੀ ਕਹਾਣੀ ਨੂੰ ਤੁਹਾਡੀ ਗਵਾਹੀ ਕਿਹਾ ਗਿਆ ਹੈ। ਹਰੇਕ ਦੇ ਕੋਲ ਇਕ ਕਹਾਣੀ ਹੈ। ਇਹ ਤੁਹਾਡੇ ਅਭਿਆਸ ਕਰਨ ਦਾ ਇਕ ਮੌਕਾ ਹੈ।

ਇਕ ਜਾਂ ਦੋ ਚੇਲਿਆਂ ਨੂੰ ਚੁਣ ਕੇ ਓਨਾਂ ਦੇ ਨਾਲ ਅਭਿਆਸ ਕਰੋ ਤੇ ਫੇਰ ਆਪਣੀ 100 ਦੀ ਲਿਸਟ ਵਿਚੋਂ5 ਨਾਂ ਕਡੋ। ਧਿਆਨ ਰਵੇ ਤੁਹਾਡੇ ਚੁਣੇ ਹੋਏ ਲੋਕ "ਅਵਿਸ਼ਵਾਸੀ" ਜਾਂ "ਅਧਿਆਤਮਕ ਅਵਸਥਾ ਤੋਂ ਅੰਜਾਣ" ਦੀ ਸ਼੍ਰੇਣੀ ਵਿੱਚ ਹੋਣ। ਆਪਣੀ ਗਵਾਹੀ ਦਾ ਅਭਿਆਸ ਕਰੋ – ਤੁਹਾਡੀ ਯਿਸੂ ਦੇ ਬਾਰੇ ਚਉਪਕਥਾ – ਤੁਹਾਡੀ 100 ਦੀ ਲਿਸਟ ਵਿਚੋਂ ਚੁਣੇ ਹੋਏ5 ਲੋਕਾਂ ਵਿਚੋਂ ਇਕ ਦੇ ਨਾਲ ਅਭਿਆਸ ਕਰਦੇ ਹੋਏ। ਪੰਜਾਂਵਿਚੋਂ ਹਰੇਕ ਦੇ ਲਈ ਇਸਨੂੰ ਖ਼ਾਸ ਬਣਾਂਨ ਦੇ ਲਈ ਆਪਣੀ ਉਪ੍ਰਕਥਾ ਨੂੰ ਅਕਾਰ ਦੇਣ ਦਾ ਅਭਿਆਸ ਕਰੋ, ਤੁਹਾਨੂੰ ਆਪਣੀ ਉਪ੍ਰਕਥਾ ਨੂੰ ਤਿੰਨ ਮਿੰਟ ਦੇ ਛੋਟੇ ਰੂਪ ਵਿੱਚ ਦੱਸਣ ਲਈਸਮਰਥ ਹੋਣਾ ਹੋਵੇਗਾ।

ਤੁਹਾਡੀ ਉਪ੍ਰਕਥਾ ਨੂੰ ਅਕਾਰ ਦੇਣ ਦੇ ਲਈ ਅਨਗਿਣਤ ਤਰੀਕ਼ੇ ਹਨ, ਪਰ ਕੁਝ ਨੂੰ ਅਸੀਂ ਦੂਜਿਆਂ ਦੇ ਲਈ ਸਹੀ ਕੰਮ ਕਰਦੇ ਵੇਖਿਆ ਹੈ। ਤੁਸੀਂਇਕਸਧਾਰਨ ਵਚਨ ਦੱਸ ਸਕਦੇ ਹੋ ਕਿ ਤੁਸੀਂ ਯਿਸੂ ਦੇ ਚੇਲੇ ਕਿਓਂ ਬਣੇ .ਇਹ ਇਕ ਨਵੇਂ ਵਿਸ਼ਵਾਸੀ ਦੇ ਲਈ ਚੰਗਾ ਹੋਵੇਗਾ। ਤੁਸੀਂ ਆਪਣੀ ਪਹਿਲੇ ਤੇ ਬਾਦ ਦੀ ਉਪ੍ਰਕਥਾ ਦੱਸ ਸਕਦੇ ਹੋ – ਤੁਹਾਡਾ ਜੀਵਨ ਕਿਵੇਂ ਦਾ ਸੀ ਯਿਸੂ ਨੂੰ ਜਾਣਨ ਤੋਂ ਪਹਿਲਾਂ ਤੇ ਹੁਣ ਕਿਵੇਂ ਹੈ। ਸਾਦਾ ਤੇ ਪਰਭਾਸ਼ਾਲੀ।

ਤੁਸੀਂ ਆਪਣੀ "ਯਿਸੂ ਦੇ ਨਾਲ" ਅਤੇ "ਯਿਸੂ ਤੋਂ ਬਿਨਾ" ਉਪਕਥਾ ਦੱਸ ਸਕਦੇ ਹੋ, ਕਿ ਯਿਸੂ ਦੇ ਨਾਲ ਤੁਹਾਡਾ ਜੀਵਨ ਕਿਵੇਂ ਹੈ ਅਤੇ "ਓਨਾਂ ਦੇ ਬਿਨਾ" ਕਿਵੇਂ ਹੋ ਜਾਵੇਗਾ। ਤੁਹਾਡੀ ਕਹਾਣੀ ਦਾ ਇਹ ਰੂਪ ਜ਼ਰੁਰ ਛਾਪ ਛਡੇਗਾ ਜੇ ਤੁਸੀਂ ਛੋਟੀ ਉਮਰ ਵਿੱਚ ਹੀ ਵਿਸ਼ਵਾਸੀ ਬਣ ਗਏ ਸੀ।

ਜਦੋਂ ਤੁਸੀਂ ਦੱਸੋ ਤਾਂ ਆਪਣੇ ਨਾਲ ਅਭਿਆਸ ਕਰਨ ਵਾਲੇ ਸਾਥੀ ਨੂੰ ਦੱਸਣ ਦਾ ਮੌਕਾ ਦਿਓ। ਅੱਗੇ – ਪਿਛੇ ਦੱਸਦੇ ਰਹੋ ਜਦ ਤੱਕ ਤੁਸੀਂ ਦੋਵੇਂਪੰਜਾਂ ਦੀ ਕਹਾਣੀ ਨਾ ਦੱਸ ਲਵੋ। ਕੀ ਤੁਸੀਂ ਇਸ ਤੋਂ ਵੀ ਵੱਧ ਪਰਭਾ ਪਾਣਾ ਚਾਹੁੰਦੇ ਹੋ ?

ਆਪਣੀ ਕਹਾਣੀ ਦੱਸਦੇਹੋਏ, ਇਹ ਸੋਚਣਾ ਮਦਦਗਾਰ ਹੈ ਕਿ ਇਹ ਤਿੰਨ ਭਾਗਾਂ ਦੀ ਪ੍ਰਕਿਰਿਆ ਦਾ ਇਕ ਭਾਗ ਹੈ :

- ਓਨਾਂ ਦੀ ਕਹਾਣੀ – ਜਿਸਮਨੁੱਖ ਨਾਲ ਤੁਸੀਂ ਗੱਲ ਕਰ ਰਹੇ ਹੋ ਓਨਾਂ ਤੋਂ ਓਨਾਂ ਦੇ ਅਧਿਆਤਮਕ ਤਜੁਰਬਿਆਂ ਦੇ ਬਾਰੇ ਪੁਛੋ।
- ਤੁਹਾਡੀ ਕਹਾਣੀ – ਫੇਰ ਤੁਸੀਂ ਓਨਾਂ ਦੇ ਤਜਰਬੇ ਦੇ ਅਧਾਰ ਤੇ ਆਪਣੀ ਗਵਾਹੀ ਦੱਸੋ।
- ਪਰਮੇਸ਼ਰ ਦੀ ਉਪਕਥਾ – ਅਖੀਰ ਚ ਪਰਮੇਸ਼ਰ ਦੀ ਉਪਕਥਾ ਏਸ ਤਰੀਕ਼ੇ ਦੱਸੋ ਜੋ ਓਨਾਂ ਦੇ ਸੰਸਾਰਕ ਨਜ਼ਰਿਏ, ਮੁਲਾਂ ਤੇ ਪਹਿਲ ਨਾਲ ਜੁੜਿਆ ਹੋਵੇ।

ਤੇ ਜੇ ਤੁਸੀਂ ਫਿਕਰਮੰਦ ਹੋ ਕਿ ਇਸਨੂੰ ਸ਼ੁਰੂ ਕਿਵੇਂ ਕਰਨਾ ਹੈ – ਇਸਨੂੰ ਸਾਦਾ ਰਖੋ।

ਬੱਸ ਇਕ ਵਜ੍ਹਾ ਦੱਸੋ ਕਿ ਕਿਓਂ ਤੁਸੀਂ ਯਿਸੂ ਦਾ ਅਨੁਸਰਣ ਕਰਨ ਦਾ ਨਿਹਚਾ ਕੀਤਾ। ਪਰਮੇਸ਼ਰ ਜੀਵਨ ਨੂੰ ਬਦਲਣ ਲਈ ਤੁਹਾਡੀ ਕਹਾਣੀ ਦਾ ਇਸਤਮਾਲ ਕਰ ਸਕਦੇ ਹਨ ਪਰ ਯਾਦ ਰਵੇ – ਸਿਰਫ ਤੁਸੀਂ ਹੀ ਹੋ ਜਿਸਨੂੰ ਇਹ ਦਸਣੀ ਹੈ।

ਤੁਹਾਡੀਤਿੰਨ ਮਿੰਟ ਦੀ ਗਵਾਹੀ, ਜ਼ੁਮੇ ਟੂਲਕਿਟਦਾ ਇਕ ਹੋਰ ਸੌਖਾ ਸਾਧਨ ਹੈ।

## ਕਿਰਿਆ

**(30 ਮਿੰਟ)**

**ਆਪਣੀ ਗਵਾਹੀ ਵੰਡਣ ਦਾ ਅਭਿਆਸ ਕਰੋ**

- ਤੁਹਾਡੀ ਆਪਣੀ ਕਹਾਣੀ ਨੂੰ ਲਿਖਣ ਅਤੇ ਸਿਰਫ ਇਸ ਨੂੰ ਤਿੰਨ ਮਿੰਟ ਤੱਕ ਰੱਖਣ ਉੱਤੇ ਕੰਮ ਕਰੋ (10 ਮਿੰਟ)
- ਦੋ ਜਾਂ ਤਿੰਨ ਲੋਕਾਂ ਦੇ ਸਮੂਹਾਂ ਵਿੱਚ ਜਾਓ ਅਤੇ ਵੰਡਣ ਦਾ ਅਭਿਆਸ ਕਰੋ (20 ਮਿੰਟ)

**ਤਿੰਨ ਮੁੱਢਲੀ ਕਿਸਮ ਦੀਆਂ ਗਵਾਹੀਆਂ**

ਇੱਥੇ ਤੁਹਾਡੀ ਕਹਾਣੀ ਨੂੰ ਆਕਾਰ ਦੇਣ ਦੇ ਲਈ ਬੇਅੰਤ ਢੰਗ ਹਨ, ਪਰ ਇੱਥੇ ਕੁਝ ਢੰਗ ਹਨ ਜਿਹੜੇ ਕਿ ਅਸੀਂ ਵੇਖੇ ਹਨ ਕਿ ਉਹ ਵਧੀਆ ਕੰਮ ਕਰਦੇ ਹਨ:

- ਇੱਕ ਸਾਧਾਰਨ ਵਾਕ – ਤੁਸੀਂ ਇੱਕ ਸਾਧਾਰਨ ਵਾਕ ਵਿੱਚ ਦੱਸ ਸਕਦੇ ਹੋ ਕਿ ਤੁਸੀਂ ਕਿਉਂ ਯਿਸੂ ਦੇ ਪਿੱਛੇ ਚੱਲਦੇ ਹੋ। ਇਹ ਇੱਕ ਬਿਲਕੁਲ ਨਵੇਂ ਵਿਸ਼ਵਾਸੀ ਲਈ ਢੁੱਕਵਾਂ ਕੰਮ ਕਰਦਾ ਹੈ।
- ਪਹਿਲਾਂ ਅਤੇ ਬਾਅਦ ਵਿੱਚ – ਤੁਸੀਂ "ਪਹਿਲਾਂ" ਅਤੇ "ਬਾਅਦ" ਵਿੱਚ ਆਪਣੀ ਕਹਾਣੀ ਨੂੰ ਵੰਡ ਸਕਦੇ ਹੋ – ਯਿਸੂ ਨੂੰ ਜਾਣਨ ਤੋਂ ਪਹਿਲਾਂ ਤੁਹਾਡਾ ਜੀਵਨ ਕਿਸ ਤਰ੍ਹਾਂ ਦਾ ਸੀ ਅਤੇ ਹੁਣ ਤੁਹਾਡਾ ਜੀਵਨ ਕਿਸ ਤਰ੍ਹਾਂ ਦਾ ਹੈ। ਸਾਧਾਰਨ ਅਤੇ ਸ਼ਕਤੀਸ਼ਾਲੀ।
- ਨਾਲ ਅਤੇ ਬਿਨਾ – ਤੁਸੀਂ ਆਪਣੀ "ਨਾਲ" ਅਤੇ "ਬਿਨਾ" ਕਹਾਣੀ ਨੂੰ ਵੰਡ ਸਕਦੇ ਹੋ – "ਯਿਸੂ ਨਾਲ" ਤੁਹਾਡਾ ਜੀਵਨ ਕਿਵੇਂ ਦਾ ਹੈ ਅਤੇ "ਉਸ ਤੋਂ ਬਿਨਾ" ਇਹ ਕਿਵੇਂ ਦਾ ਹੋਵੇਗਾ। ਕਹਾਣੀ ਦਾ ਇਹ ਸੰਸਕਰਣ ਠੀਕ ਕੰਮ ਕਰਦਾ ਹੈ ਜੇਕਰ ਤੁਸੀਂ ਇੱਕ ਛੋਟੀ ਉਮਰ ਵਿੱਚ ਪ੍ਰਭੂ ਦੇ ਕੋਲ ਆਏ ਸੀ।

**ਤੁਹਾਡੀ ਗਵਾਹੀ ਵੰਡਣ ਦੇ ਤਿੰਨ ਭਾਗ**

ਜਦੋਂ ਤੁਸੀਂ ਕਹਾਣੀ ਨੂੰ ਵੰਡਦੇ ਹੋ, ਇਸ ਨੂੰ ਇੱਕ ਤਿੰਨ-ਹਿੱਸੇ ਦੀ ਪ੍ਰੀਕਿਰਿਆ ਦੇ ਹਿੱਸੇ ਵਜੋਂ ਸੋਚਣਾ ਸਹਾਇਕ ਹੁੰਦਾ ਹੈ:

- ਉਨ੍ਹਾਂ ਦੀ ਕਹਾਣੀ – ਜਿਸ ਵਿਅਕਤੀ ਨਾਲ ਤੁਸੀਂ ਗੱਲ ਕਰ ਰਹੇ ਹੋ ਉਸ ਨੂੰ ਆਪਣੀ ਆਤਮਿਕ ਯਾਤਰਾ ਬਾਰੇ ਦੱਸਣ ਲਈ ਕਹੋ।
- ਤੁਹਾਡੀ ਕਹਾਣੀ – ਤਦ ਉਨ੍ਹਾਂ ਦੇ ਅਨੁਭਵ ਦੁਆਲੇ ਆਕਾਰ ਲੈਂਦੀ ਆਪਣੀ ਕਹਾਣੀ ਸੁਣਾਓ।
- ਪਰਮੇਸ਼ੁਰ ਦੀ ਕਹਾਣੀ – ਅੰਤ ਵਿੱਚ ਇੱਕ ਅਜਿਹੇ ਢੰਗ ਵਿੱਚ ਪਰਮੇਸ਼ੁਰ ਦੀ ਕਹਾਣੀ ਵੰਡੋ ਜਿਹੜੀ ਉਨ੍ਹਾਂ ਦੇ ਦ੍ਰਿਸ਼ਟੀਕੋਣ, ਮੁੱਲਾਂ ਅਤੇ ਪ੍ਰਾਥਮਿਕਤਾਵਾਂ ਨਾਲ ਸੰਬੰਧਿਤ ਹੁੰਦੀ ਹੈ।

ਤੁਹਾਡੀ ਗਵਾਹੀ ਨੂੰ ਲੰਮੀ ਹੋਣ ਦੀ ਲੋੜ ਨਹੀਂ ਹੈ ਜਾਂ ਬਹੁਤ ਸਾਰੇ ਨਿਸ਼ਪ੍ਰਭਾਵੀ ਵੇਰਵੇ ਨੂੰ ਸ਼ਾਮਲ ਕਰਨ ਦੀ ਲੋੜ ਨਹੀਂ ਹੈ। ਅਸਲ ਵਿੱਚ, ਆਪਣੀ ਕਹਾਣੀ ਨੂੰ ਸਿਰਫ ਲਗਭਗ ੩ ਮਿੰਟ ਦੀ ਰੱਖਣਾ ਪ੍ਰਸ਼ਨਾਂ ਲਈ ਅਤੇ ਡੂੰਘੀ ਗੱਲਬਾਤ ਦੇ ਲਈ ਸਮਾਂ ਦੇਵੇਗਾ। ਜੇਕਰ ਤੁਸੀਂ ਚਿੰਤਿਤ ਹੋ ਕਿ ਕਿਵੇਂ ਸ਼ੁਰੂਆਤ ਕਰਨੀ ਹੈ – ਤਾਂ ਇਸ ਨੂੰ ਸਾਧਾਰਨ ਹੀ ਰੱਖੋ। ਪਰਮੇਸ਼ੁਰ ਜੀਵਨਾਂ ਨੂੰ ਬਦਲਣ ਲਈ ਤੁਹਾਡੀ ਕਹਾਣੀ ਨੂੰ ਵਰਤ ਸਕਦਾ ਹੈ, ਪਰ ਯਾਦ ਰੱਖੋ – ਤੁਸੀਂ ਹੀ ਇਸ ਕਹਾਣੀ ਨੂੰ ਦੱਸਣਾ ਹੈ।

## ਪੜ੍ਹੋ

**(5 ਮਿੰਟ)**

**ਵੱਡੀ – ਉਸ ਤੋਂ ਵੱਡੀ – ਸਭ ਤੋਂ ਵੱਡੀ ਬਰਕਤ**

ਇਸ ਸੈਸ਼ਨ ਵਿੱਚ, ਅਸੀਂ ਪਰਮੇਸ਼ਰ ਦੇ ਮਹਾਨ, ਮਹਾਨਤਮ ਅਤੇ ਸਬਤੋ ਮਹਾਨ ਅਸੀਸਾਂ ਦੇ ਬਾਰੇ ਪਤਾ ਕਰਾਂਗੇ ਅਤੇ ਕਿਵੇਂ ਤੁਸੀਂ ਓਹਨਾਂ ਨੂੰ ਦੂਜਿਆਂ ਨਾਲ ਵੰਡ ਸਕਦੇ ਹੋ। ਜਦੋਂ ਕੋਈ ਵਿਅਕਤੀ ਯਿਸੂ ਦਾ ਚੇਲਾ ਬਣਨ ਦਾ ਚੁਣਾਵ ਕਰਦਾ ਹੈ, ਤੱਦ ਤੁਸੀਂ ਸਹੀ ਰਸਤੇ ਤੇ ਚਲਣ ਲਈ ਓਹਨਾਂ ਦੀ ਮਦਦ ਕਿਵੇਂ ਕਰਦੇ ਹੋ ? ਤੁਸੀਂ ਕਿਵੇਂ ਓਹਨਾਂ ਦੀ ਮਦਦ ਕਰਦੇ ਹੋ ਤਾਂ ਜੋ ਓਹ ਪਰਮੇਸ਼ਰ ਦੇ ਰਾਜ ਵਿੱਚ ਇੱਕ ਪੈਦਾ ਕਰਨ ਵਾਲੇ ਬਣਨ ਨਾ ਕਿ ਦੂਸਰੇ ਗ੍ਰਾਹਕ ? ਤੁਸੀਂ ਕਿਵੇਂ ਓਹਨਾਂ ਦੀ ਸਹਾਇਤਾ ਕਰਦੇ ਹੋ ਤਾਂ ਕਿ ਓਹ ਸਾਰੀਆਂ ਅਸੀਸਾਂ ਗ੍ਰਹਿਣ ਕਰਨ ਦੇ ਲਈ ਜੋ ਪਰਮੇਸ਼ਰ ਦੇਣਾ ਚਾਹੁੰਦੇ ਹਨ ?

ਮੈਂ ਇਹ ਕਹੀ ਕੇ ਸ਼ੁਰਆਤ ਕਰਦਾ ਹਾਂ…

- ਯਿਸੂ ਦਾ ਚੇਲਾ ਬਣਨਾ ਇੱਕ ਅਸੀਸ ਹੈ।
- ਦੂਜਿਆਂ ਨੂੰ ਯਿਸੂ ਦਾ ਚੇਲਾ ਬਣਾਉਣਾ ਇੱਕ ਮਹਾਨ ਅਸੀਸ ਹੈ।
- ਇੱਕ ਨਵੇਂ ਆਤਮਿਕ ਪਰਿਵਾਰ ਦੀ ਸ਼ੁਰੁਵਾਤ ਕਰਨਾ ਇੱਕ ਮਹਾਨਤਮ ਅਸੀਸ ਹੈ।

- ਨਵੇਂ ਆਤਮਿਕ ਪਰਿਵਾਰ ਦੀ ਸ਼ੁਰੁਆਤ ਕਰਨ ਦੇ ਲਈ ਦੂਜਿਆਂ ਨੂੰ ਤਿਆਰ ਕਰਨਾ ਸਭ ਤੋਂ ਮਹਾਨ ਅਸੀਸ ਹੈ।

ਤੁਸੀਂ ਯੀਸ਼ੂ ਦੇ ਪਿਛੇ ਚਲਨਾ ਚੁਣਿਆ ਹੈ ਅਤੇ ਇਸਲਈ ਪਰਮੇਸ਼ਰ ਨੇ ਤੁਹਾਨੂੰ ਅਸੀਸ ਦਿੱਤੀ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਪਰਮੇਸ਼ਰ ਦੀ ਮਹਾਨ ਅਸੀਸ, ਮਹਾਨਤਮ ਅਸੀਸ ਅਤੇ ਸਬਤੋ ਅਸੀਸ ਨੂੰ ਪਾਓ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਕਿਵੇਂ ?

ਜੇ ਉਹ ਹੋਰ ਜਾਣਨਾ ਚਾਹੁੰਦੇ ਹਨ, ਮੈਂ ਉਨ੍ਹਾਂ ਨੂੰ 100 ਪਹਿਚਾਣ ਵਾਲੇ ਲੋਕਾਂ ਦੀ ਸੂਚੀ ਬਣਾਉਣ ਲਈ ਕਹਿੰਦਾ ਹਾਂ। ਫਿਰ ਮੈਂ ਉਨ੍ਹਾਂ ਨੂੰ ਉਸ ਸੂਚੀ ਵਿੱਚੋਂ ਪੰਜ ਲੋਕਾਂ ਦੀ ਚੋਣ ਕਰਨ ਲਈ ਕਹਿੰਦਾ ਹਾਂ - ਪੰਜ ਲੋਕ ਜੋ ਯਿਸੂ ਨੂੰ ਨਹੀਂ ਜਾਣਦੇ - ਉਹ ਪੰਜ ਲੋਕ ਜੋ ਤੁਰੰਤ ਨਾਲ ਸਾਂਝੇ ਕਰਨਾ ਚਾਹੁੰਦੇ ਹਨ।

ਯਿਸੂ ਦੇ ਪਿਛੇ ਚਲਨਾ ਇੱਕ ਬਰਕਤ ਹੈ ਤੁਸੀਂ ਹੋਰ ਕਿਸ ਨੂੰ ਇਸ ਨਾਲ ਬਰਕਤ ਨੂੰ ਸਾਂਝਾ ਕਰਨਾ ਚਾਹੁੰਦੇ ਹੋ ?

ਮੈਂ ਓਹਨਾਂ ਨੂੰ ਸਿਖਾਉਂਦਾ ਹਾਂ ਓਹਨਾਂ ਦੀ ਗਵਾਹੀ ਨੂੰ ਵੰਡਣਾ - ਪਰਮੇਸ਼ਰ ਓਹਨਾਂ ਦੇ ਜੀਵਨ ਵਿੱਚ ਜੋ ਕਰ ਰਹੇ ਹਨ, ਓਹਦੀ ਕਹਾਣੀ। ਮੈਂ ਓਹਨਾਂ ਨੂੰ ਇੰਜੀਲ ਵੰਡਣਾ ਸਿਖਾਉਂਦਾ ਹਾਂ – ਪਰਮੇਸ਼ਰ ਦੁਨਿਆ ਵਿੱਚ ਜੋ ਕਰ ਰਹੇ ਹਨ ਓਹਦੀ ਕਹਾਣੀ। ਮੈਂ ਓਹਨਾਂ ਨੂੰ ਸਿਖਾਉਂਦਾ ਹਾਂ ਕਿ ਪਰਮੇਸ਼ਰ ਦੀ ਮਹਾਨ, ਮਹਾਨਤਮ ਅਤੇ ਸਭ ਤੋਂ ਮਹਾਨ ਅਸੀਸ ਨੂੰ ਕਿਵੇਂ ਵੰਡਣਾ ਹੈ।

ਜਿਹੜੇ ਪੰਜ ਲੋਕਾਂ ਨੂੰ ਓਹਨਾਂ ਨੇ ਚੁਣੀਆਂ ਹੈ, ਓਹਨਾਂ ਦੇ ਨਾਲ ਮੈਂ ਇੱਕ ਬਾਰ ਓਹਨਾਂ ਨੂੰ ਅਭਿਆਸ ਕਰਨ ਦੇ ਲਈ ਕਹਿੰਦਾ ਹਾਂ। ਪਹਿਲਾਂ ਓਹਨਾਂ ਦੀ ਕਹਾਣੀ। ਫਿਰ ਪਰਮੇਸ਼ਰ ਦੀ ਕਹਾਣੀ। ਫਿਰ ਪਰਮੇਸ਼ਰ ਦੀ ਅਸੀਸ। ਹਰ ਬਾਰ, ਮੈਂ ਓਹਨਾਂ ਪੰਜ ਜਾਣਿਆ ਦੀ ਸੂਚੀ ਵਿਚੋਂ ਇੱਕ ਹੋਣ ਦਾ ਨਾਟਕ ਕਰਦਾ ਹਾਂ। ਹਰ ਬਾਰ, ਜਦੋਂ ਓਹ ਆਪਣੀ ਕਹਾਣੀ ਦਸਦੇ ਹਨ। ਓਹ ਪਰਮੇਸ਼ਰ ਦੀ ਕਹਾਣੀ ਨੂੰ ਦਸਦੇ ਹਨ। ਓਹ ਮੈਨੂੰ ਵੀ ਯਿਸੂ ਦਾ ਚੇਲਾ ਬਣਨ ਲਈ ਸੱਦਾ ਦਿੰਦੇ ਹਨ। ਉਹ ਪਰਮੇਸ਼ਰ ਦੀ ਮਹਾਨ, ਮਹਾਨਤਮ ਅਤੇ ਸਬਤੋਂ ਮਹਾਨ ਅਸੀਸ ਦੇ ਬਾਰੇ ਸਿਖਾਉਂਦੇ ਹਨ। ਹਰ ਬਾਰ, ਮੈਂ ਉਨਾਂ ਨੂੰ ਸਵਾਲ ਪੁਛਦਾ ਹਾਂ ਜਾਂ ਅਜੇਹੀ ਟਿਪਣੀ ਕਰਦਾ ਹਾਂ ਜੋ ਸ਼ਾਇਦ ਹੀ ਓਹ ਵਿਅਕਤੀ ਕਰਦਾ ਹੋਵੇ। ਅਭਿਆਸ ਕਰਨ ਤੋਂ ਬਾਅਦ, ਮੈਂ ਸਿਰਫ ਉਨਾਂ ਨੂੰ ਮਿਲਣ ਲਈ ਕਹਿੰਦਾ ਹਾਂ – ਦੋ ਦਿਨ ਬਾਅਦ ਜੇ ਸੰਭਵ ਹੋਵੇ – ਇਹ ਵੇਖਣ ਦੇ ਲਈ ਕਿ ਉਹ ਕਿਵੇਂ ਕਰ ਰਹੇ ਹਨ।

ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਸੂਚੀ ਵਿਚਲੇ ਪੰਜ ਲੋਕਾਂ ਨੂੰ ਮਿਲਣ ਲਈ ਕਾਫ਼ੀ ਸਮਾਂ ਦੇਣਾ ਚਾਹੁੰਦਾ ਹਾਂ, ਪਰ ਮੈਂ ਇੰਨਾ ਜ਼ਿਆਦਾ ਸਮਾਂ ਨਹੀਂ ਦੇਣਾ ਚਾਹੁੰਦਾ ਹਾਂ ਕਿ ਉਹ ਇਸ ਨੂੰ ਬੰਦ ਕਰ ਦੇਣ ਜਾਂ ਭੁੱਲ ਜਾਂਣ।

ਮੈਂ ਹਮੇਸ਼ਾਂ ਇੱਕ ਫੋਨ ਨੰਬਰ ਜਾਂ ਈਮੇਲ ਪਤੇ ਜਾਂ ਸੰਪਰਕ ਵਿੱਚ ਰਹਿਣ ਦਾ ਦੂਜਾ ਤਰੀਕਾ ਪੁੱਛਦਾ ਹਾਂ। ਮੈਂ ਉਹਨਾਂ ਨਾਲ ਪ੍ਰਾਰਥਨਾ ਕਰਦਾ ਹਾਂ ਕਿ ਪਰਮੇਸ਼ੁਰ ਓਹਨਾਂ ਨੂੰ ਵੀ ਸਹੀ ਸ਼ਬਦ ਦੇਣਗੇ ਜਿਵੇਂ ਮੇਰੇ ਨਾਲ ਸਾਂਝੇ ਕੀਤੇ ਸੀ।

ਦੋ ਦਿਨ ਬਾਅਦ ਅਸੀਂ ਦੁਬਾਰਾ ਮਿਲਦੇ ਹਾਂ ਅਤੇ ਗੱਲ ਕਰਦੇ ਹਾਂ ਕਿ ਪਰਚਾਰ ਕਿਵੇਂ ਹੋ ਰਿਹਾ ਹੈ।

ਜੇ ਉਹਨਾਂ ਨੇ ਸ਼ੁਰੂਆਤ ਨਹੀਂ ਕੀਤੀ ਹੈ, ਤਾਂ ਮੈਂ ਉਨ੍ਹਾਂ ਨਾਲ ਹੋਰ ਅਭਿਆਸ ਕਰਨ ਲਈ ਕਹਿੰਦਾ ਹਾਂ।ਮੈਂ ਉਹਨਾਂ ਦੇ ਨਾਲ ਜਾਣ ਦੀ ਪੇਸ਼ਕਸ਼ ਕਰਦਾ ਹਾਂ ਉਨ੍ਹਾਂ ਪੰਜਵਾਂ ਵਿੱਚੋਂ ਕਿਸੇ ਨਾਲ ਵੀ ਜੋ ਉਪਲਬਧ ਹੋ ਸਕਦੇ ਹਨ। ਪਰਚਾਰ ਸ਼ੁਰੂ ਕਰਨ ਵਿੱਚ ਉਹਨਾਂ ਦੀ ਮਦਦ ਕਰਨ ਲਈ ਮੈਂ ਉਹ ਸਭ ਕੁਝ ਕਰ ਸਕਦਾ ਹਾਂ ਜੋ ਮੈਂ ਕਰ ਸਕਦਾ ਹਾਂ। ਪਰ ਮੈਂ ਨਵੀਆਂ ਚੀਜ਼ਾਂ ਬਾਰੇ ਗੱਲ ਨਹੀਂ ਕਰਾਂਗਾ। ਜੋ ਉਹ ਪਹਿਲਾਂ ਹੀ ਸਿੱਖ ਚੁੱਕੇ ਹਨ ਓਹਦੇ ਲਈ ਵਫ਼ਾਦਾਰ ਬਣਨ ਦੇ ਲਈ ਮੈਂ ਉਨ੍ਹਾਂ ਨੂੰ ਉਹ ਸਭ ਤੋਂ ਵਧੀਆ ਮੌਕਾ ਦੇਣਾ ਚਾਹੁੰਦਾ ਹਾਂ।

ਜੇਕਰ ਓਹ ਮਨਾ ਕਰਦੇ ਹਨ ਜਾਂ ਬਹਾਨੇ ਬਣਾਉਂਦੇ ਹਨ, ਮੈ ਪਰਮੇਸ਼ਰ ਨੂੰ ਪੁਛਦਾ ਹਾਂ ਕਿ ਇਹ ਸਚ ਵਿੱਚ "ਚੰਗੀ ਮਿੱਟੀ" ਹੈ ਜਿਹਦੀ ਓਹਨਾਂ ਦੇ ਰਾਜ ਦੇ ਲਈ ਫਲਦਾਈ ਹੋਵੇਗੀ ਜਾਂ ਮੈਨੂੰ ਕੀਤੇ ਹੋਰ ਨਿਵੇਸ਼ ਕਰਨਾ ਚਾਹਿਦਾ ਹੈ।

ਜੇਕਰ ਓਹ ਪਰਚਾਰ ਕਰਦੇ ਹਨ – ਤਾਂ ਅਸੀਂ ਜਸ਼ਨ ਮਨਾਉਂਦੇ ਹਾਂ!

ਇਥੇ ਤੱਕ ਕਿ ਜੇਕਰ ਓਹਨਾਂ ਦੀ ਸੂਚੀ ਵਿੱਚ ਕੋਈ ਵਿਅਕਤੀ ਵਿਸ਼ਵਾਸ ਨਹੀਂ ਕਰਦਾ ਹੈ, ਤਾਂ ਵੀ ਮੈਂ ਉਤਸ਼ਾਹਿਤ ਹੁੰਦਾ ਹਾਂ ਕਿ ਓਹਨਾਂ ਨੇ ਸੁਣਿਆ, ਆਗਿਆ ਮੰਨੀ ਅਤੇ ਪਰਚਾਰ ਕੀਤਾ। ਇਹ ਵਫਾਦਾਰ ਬਣਨਾ ਹੈ। ਅਤੇ ਕਿਉਂਕਿ ਓਹ ਥੋੜ੍ਹੇ ਵਿੱਚ ਵਿਸ਼ਵਾਸੀ ਰਹੇ, ਇਸਲਈ ਓਹਨਾਂ ਨੂੰ ਹੋਰ ਦਸਣ ਵਿੱਚ ਮੈਨੂੰ ਖੁਸ਼ੀ ਹੁੰਦੀ ਹੈ।

ਮੈਂ ਬਪਤਿਸਮੇ ਬਾਰੇ ਸਾਂਝਾ ਕਰਦਾ ਹਾਂ ਅਤੇ ਉਹਨਾਂ ਨੂੰ ਇਸਤੇਮਾਲ ਕਰਨ ਵਾਲਾ ਇਕ ਹੋਰ ਉਪਕਰਣ ਦਿੰਦਾ ਹਾਂ ਜਿਵੇਂ ਕਿ ---- ਜਾਂ ---- 100 ਲੋਕਾਂ ਦੀ ਓਹਨਾਂ ਦੀ ਵਿਚੋ ਕੁਝ ਹੋਰ ਲੋਕਾਂ ਨੂੰ ਚੁਣਨ ਦੇ ਲਈ ਕਹੋ – ਜਿਹੜੇ ਲੋਕ ਯੀਸ਼ੂ ਨੂੰ ਨਹੀਂ ਜਾਣਦੇ ਹਨ ਜਾਂ ਓਹਨਾਂ ਦੇ ਚੇਲੇ ਨਹੀਂ ਹਨ।

ਅਤੇ ਫਿਰ ਮੈਂ ਓਹਨਾਂ ਦੇ ਨਾਲ ਅਭਿਆਸ ਕਰਦਾ ਹਾਂ – ਪਹਿਲਾਂ ਵਾਂਗੂ – ਓਹਨਾਂ ਦੀ ਕਹਾਣੀ, ਪਰਮੇਸ਼ਰ ਦੀ ਕਹਾਣੀ ਅਤੇ ਪਰਮੇਸ਼ਰ ਦੀ ਅਸੀਸਾਂ ਦੇ ਨਾਲ। ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ। ਹੁਣ ਜੇ ਓਹ ਪਰਚਾਰ ਕਰਦੇ ਹਨ ਅਤੇ ਓਹਨਾਂ ਦੀ ਸੂਚੀ ਵਿੱਚ ਕੋਈ ਵਿਅਕਤੀ ਵਿਸ਼ਵਾਸ ਕਰਦਾ ਹੈ, ਤਾਂ ਅਸੀਂ ਸੱਚਮੁੱਚ ਤਿਉਹਾਰ ਮਨਾਉਂਦੇ ਹਾਂ।

ਪਰਮੇਸ਼ਰ ਦਾ ਪਰਿਵਾਰ ਵੱਡਾ ਹੋ ਰਿਹਾ ਹੈ। ਮੈ ਹਮੇਸ਼ਾ ਪੁਛਦਾ ਹਾਂ ਕਿ ਓਹਨਾਂ ਨੇ ਮਹਾਨ, ਮਹਾਨਤਮ ਅਤੇ ਸਭ ਤੋਂ ਮਹਾਨ ਅਸੀਸ ਦੇ ਬਾਰੇ ਦਸਿਆ, ਕਿਉਂਕਿ ਇਹੀ ਹੈ ਜੋ ਪਰਮੇਸ਼ਰ ਦੇ ਪਰਿਵਾਰ ਨੂੰ ਲਗਾਤਾਰ ਵਾਧੁੰਦੇ ਹਨ।

ਪਰ ਓਹਨਾਂ ਨੇ ਪਰਮੇਸ਼ਰ ਦੀ ਅਸੀਸਾਂ ਦੇ ਬਾਰੇ ਨਹੀਂ ਦਸਿਆ, ਤਾਂ ਅਸੀਂ ਇਹਨੂੰ ਦੋਬਾਰਾ ਦਸਦੇ ਹਾਂ – ਅਸੀਸਾਂ, ਕਿਵੇਂ ਯੀਸ਼ੂ ਦਾ ਇੱਕ ਨਵਾਂ ਚੇਲਾ ਇੱਕ ਸੂਚੀ ਬਣਾ ਸਕਦਾ ਹੈ, ਕਿਵੇਂ ਓਹ ਆਪਣੀ ਕਹਾਣੀ ਨੂੰ ਦੱਸ ਸਕਦੇ ਹਨ, ਪਰਮੇਸ਼ਰ ਦੀ ਕਹਾਣੀ ਨੂੰ ਦਸ ਸਕਦੇ ਹਨ ਅਤੇ ਅਸੀਸਾਂ ਨੂੰ ਦੱਸ ਸਕਦੇ ਹਨ – ਤਾਂ ਜੋ ਯੀਸ਼ੂ ਦੇ ਨਵੇਂ ਵਿਸ਼ਵਾਸੀ ਵੀ ਪਰਚਾਰ ਕਰਨਾ ਸਿਖਣ।

ਅਭਿਆਸ ਕਰਨ ਤੋਂ ਬਾਅਦ, ਮੈਂ ਓਹਨਾਂ ਨੂੰ ਨਵੇਂ ਵਿਸ਼ਵਾਸੀਆਂ ਦੇ ਕੋਲ ਦੋਬਾਰਾ ਭੇਜਦਾ ਹਾਂ ਤਾਂ ਜੋ ਓਹ ਪਰਚਾਰ ਕਰਨਾ ਜਾਰੀ ਰਖਣ। ਪਰ ਓਹਨਾਂ ਬਾਰੇ ਕਿ ਜਿੰਨਾ ਨੇ ਪਰਚਾਰ ਕੀਤਾ ਅਤੇ ਓਹਨਾਂ ਦੀ ਸੂਚੀ ਵਿਚੋ ਕਿਸੇ ਨੇ ਵਿਸ਼ਵਾਸ ਕੀਤਾ ਅਤੇ ਓਹਨਾਂ ਨੇ ਅਸੀਸਾਂ ਦੇ ਬਾਰੇ ਦਸਿਆ।

ਜਦੋਂ ਅਜਿਹਾ ਹੁੰਦਾ ਹੈ ਤਾਂ ਮੈਂ ਆਨੰਦ ਨਾਲ ਭਰ ਜਾਂਦਾ ਹਨ।

ਅਜਿਹੇ ਵਿਅਕਤੀ ਨੂੰ ਪਰਮੇਸ਼ਰ ਦਾ ਵਚਨ "ਚੰਗੀ ਮਿੱਟੀ" ਕਹਿੰਦਾ ਹੈ – ਜੋ ਪਰਮੇਸ਼ਰ ਦੇ ਪਰਿਵਾਰ ਨੂੰ ਓਹਦੇ ਤੋਂ ਕੀਤੇ ਜਿਆਦਾ ਵੱਧਾ ਸਕਦੇ ਹਨ ਜਿਵੇਂ ਕਿ ਮੈ ਦੇਖਿਆ ਹੈ। ਜਦੋਂ ਕਦੇ ਕੋਈ ਮੈਨੂੰ ਅਜਿਹਾ ਵਿਅਕਤੀ ਮਿਲਦਾ ਹੈ, ਮੈਂ ਅਕਸਰ ਓਹਨਾਂ ਨਾਲ ਮਿਲਣ ਦੀ ਯੋਜਨਾ ਬਣਾਉਂਦਾ ਹਾਂ। ਓਹਨਾਂ ਦੇ ਆਤਮਿਕ ਦੇ ਰੂਹਾਨੀ ਵਿਕਾਸ ਵਿੱਚ ਬਹੁਤ ਜ਼ਿਆਦਾ ਨਿਵੇਸ਼ ਕਰਦਾ ਹਾਂ।

ਮੈਂ ਨਵੀਂ ਚੀਜਾਂ ਸਿਖਦਾ ਹਾਂ ਜਿਵੇਂ ਕਿ ਬਪਤਿਸਮਾ ਅਤੇ ਤਿੰਨ-ਤਿੰਨ ਦਾ ਸਮੂਹ ਕਿਵੇਂ ਸ਼ੁਰੂ ਕਰਨਾ ਹੈ। ਹੁਣ ਓਹ ਇੱਕ ਆਤਮਿਕ ਪਰਿਵਾਰ ਨੂੰ ਵਧਾਉਣਾ ਸ਼ੁਰੂ ਕਰ ਸਕਦੇ ਹਨ – ਯੀਸ਼ੂ ਦੇ ਓਹ ਨਵੇਂ ਵਿਸ਼ਵਾਸੀਆਂ ਦੇ ਨਾਲ ਸ਼ੁਰੁਆਤ ਕਰਦੇ ਹੋਏ।

ਕਿਉਂਕਿ ਓਹ ਬਹੁਤ ਵਫਾਦਾਰ ਹੈ, ਮੈਂ ਓਹਨਾਂ ਨੂੰ ਜ਼ਿਆਦਾ ਤੋਂ ਜਿਆਦਾ ਦੱਸਣ ਵਿੱਚ ਅਤੇ ਪਰਮੇਸ਼ਰ ਦੇ ਅੱਗੇ ਦੇ ਕੰਮ ਨੂੰ ਦੇਖਣ ਦੇ ਲਈ ਉਤਸਾਹਿਤ ਹੁੰਦਾ ਹੈ। ਹਮੇਸ਼ਾ ਇੱਕ ਬਾਰ ਵਿੱਚ ਇੱਕ ਬਾਰ ਵਿੱਚ ਇੱਕ ਕਦਮ। ਹਮੇਸ਼ਾ ਓਹਨੂੰ ਸਿਖਣ, ਆਗਿਆ ਮੰਨਣ ਅਤੇ ਜੋ ਓਹ ਜਾਣਦੇ ਹਨ, ਓਹਨੂੰ ਵੰਡਣ ਦਾ ਇੱਕ ਮੌਕਾ ਦਿੰਦੇ ਹੋਏ।

ਮੈ ਇਹ ਵਿਅਕਤੀ ਲਈ ਵੀ ਪ੍ਰਾਰਥਨਾ ਕਰਦਾ ਹਾਂ ਜਿੰਨੀ ਬਾਰ ਹੋ ਸਕੇ – ਪਰਮੇਸ਼ਰ ਦਾ ਧੰਨਵਾਦ ਕਰਦੇ ਹੋਏ ਕਿ ਓਹਨਾਂ ਨੇ ਮੈਨੂੰ ਓਹਨਾਂ ਨਾਲ ਵੰਡਣ ਅਤੇ ਸਿਖਣ ਦਾ ਅਵਸਰ ਦਿੱਤਾ ਅਤੇ ਹਮੇਸ਼ਾ ਓਹਨਾਂ ਤੋਂ ਮੰਗਦਾ ਹਾਂ ਕਿ ਓਹਨਾਂ ਨੂੰ ਓਹਨਾਂ ਦੀ ਸਭ ਤੋਂ ਮਹਾਨ ਅਸੀਸ ਦਵੋ।

---

## ਚਰਚਾ ਕਰੋ

**(10 ਮਿੰਟ)**

- ਕੀ ਇਹ ਉਹੀ ਨਮੂਨਾ ਹੈ ਜੋ ਤੁਸੀਂ ਪਹਿਲੀ ਵਾਰ ਜਦੋਂ ਯਿਸੂ ਦੇ ਪਿੱਛੇ ਚੱਲਣਾ ਸ਼ੁਰੂ ਕੀਤਾ ਤਾਂ ਸਿਖਾਏ ਗਏ ਸੀ? ਜੇਕਰ ਨਹੀਂ ਤਾਂ, ਕੀ ਫ਼ਰਕ ਸੀ?
- ਤੁਹਾਡੇ ਵਿਸ਼ਵਾਸ ਵਿੱਚ ਆਉਣ ਤੋ ਬਾਅਦ, ਕਿੰਨੀ ਦੇਰ ਬਾਅਦ ਤੁਸੀਂ ਹੋਰਨਾਂ ਨੂੰ ਚੇਲੇ ਬਣਾਉਣਾ ਅਰੰਭ ਕੀਤਾ ਸੀ?
- ਜੇਕਰ ਨਵੇਂ ਵਿਸ਼ਵਾਸੀ, ਇੱਕਦਮ ਹੀ ਹੋਰਨਾਂ ਨਾਲ ਗਵਾਹੀ ਵੰਡਣ ਅਤੇ ਚੇਲੇ ਬਣਾਉਣਾ ਅਰੰਭ ਕਰਦੇ ਹਨ ਤਾਂ ਤੁਹਾਡੇ ਅਨੁਸਾਰ ਕੀ ਹੋਵੇਗਾ?

---

## ਪੜ੍ਹੋ

**(5 ਮਿੰਟ)**

**ਡਕਲਿੰਗ ਚੇਲਾਪਣ**

ਜ਼ੁਮੇ ਟ੍ਰੇਨਿੰਗ ਵਿੱਚ ਵਾਪਸ ਸੁਆਗਤ ਹੈ। ਇਸ ਸੈਸ਼ਨ ਵਿੱਚ ਅਸੀਂ ਸਿਖਾਂਗੇ ਕਿ ਕਿਵੇਂ ਬੱਤਖਾਂ ਦੇ ਬੱਚੇ ਜੇ ਤੈਰਨਾ ਸਿੱਖ ਰਹੇ ਹਨ ਸਾਨੂੰ ਚੇਲੇ ਬਣਾਉਣ ਦੇ ਦੋ ਸਬ ਤੋ ਮਹੱਤਵਪੂਰਨ ਅਸੂਲਾਂ ਨੂੰ ਸਮਝਣ ਵਿਚ ਮਦਦ ਕਰ ਸਕਦੇ ਹਨ।

ਤੁਸੀਂ ਕਦੇ ਬੱਤਖਾਂ ਦੇ ਇੱਕ ਝੁੰਡ ਨੂੰ ਬਾਹਰ ਸੈਰ ਕਰਦੇ ਹੋਏ ਵੇਖਯਾ ਹੈ।

ਭਾਵੇਂ ਤੁਸੀਂ ਦੁਨੀਆਂ ਵਿਚ ਕਿੱਥੇ ਵੀ ਹੋ ਇਹ ਹਮੇਸ਼ਾ ਏਸੇ ਤਰਾਂ ਵਿਖਾਈ ਦਿੰਦਾ ਹੈ। ਇੱਕ ਮਾਂ ਬੱਤਖ ਅਗਵਾਈ ਕਰਦੀ ਹੈ ਅਤੇ ਉਸ ਦੇ ਬੱਚੇ ਉਸ ਦੇ ਪਿੱਛੇ ਚਲਦੇ ਹਨ, ਇੱਕ ਇੱਕ ਕਰਕੇ ਸਾਰੇ ਇੱਕ ਕਤਾਰ ਵਿਚ। ਮਾਂ ਬੱਤਖ ਅੱਗੇ ਚਲਦੀ ਹੈ। ਛੋਟੀ ਬੱਤਖਾਂ ਪਿੱਛੇ ਚਲਦਿਆਂ ਹਨ।

ਪਰ ਜੇ ਤੁਸੀ ਹੋਰ ਨਜ਼ਦੀਕ ਤੋ ਵੇਖਦੇ ਹੋ ਤਾਂ ਤੁਸੀਂ ਵੇਖੋਂਗੇ ਕਿ ਕੁੱਝ ਹੋਰ ਵੀ ਹੋ ਰਿਹਾ ਹੈ। ਅਸਲ ਚ ਹਰ ਇੱਕ ਛੋਟੀ ਜਿਹੀ ਬੱਤਖ ਇੱਕ ਹੀ ਸਮੇਂ ਤੇ ਦੋ ਰੋਲ ਖੇਡ ਰਹੀ ਹੈ। ਹਰ ਇੱਕ ਛੋਟੀ ਬੱਤਖ ਇੱਕ ਅਨੁਯਾਈ ਹੈ ਕਿਓਂਕਿ ਉਹ ਮਾਂ ਬੱਤਖ ਦਾ ਜਾਂ ਦੂਜੀ ਬੱਤਖ ਦਾ ਪਿੱਛਾ ਕਰ ਰਹੀ ਹੈ ਜੋ ਉਸ ਦੇ ਅੱਗੇ ਚਲ ਰਹੀ ਹੈ।

ਅਤੇ ਇੱਕ ਹੀ ਸਮੇਂ ਤੇ -- ਹਰ ਇੱਕ ਛੋਟੀ ਬੱਤਖ ਇੱਕ ਲੀਡਰ ਹੈ ਕਿਓਂਕਿ ਉਹ ਬੱਤਖ ਦੇ ਬੱਚੇ ਦਾ ਜਾਂ ਬੱਚਿਆਂ ਦੀ ਅਗਵਾਈ ਕਰ ਰਹੀ ਹੋਊਗੀ ਜਿਹੜੇ ਇੱਕ ਦਮ ਓਹਦੇ ਪਿੱਛੇ ਚਲ ਰਹੇ ਹਨ।

ਤਾਂ ਬੱਤਖ ਦਾ ਬੱਚਾ ਇੱਕ ਅਨੁਯਾਈ (ਚੇਲਾ) ਹੈ ਜਾਂ ਇੱਕ ਲੀਡਰ ਹੈ? ਇਹ ਦੋਵੇਂ ਹੀ ਹਨ। ਅਤੇ ਇਹ ਇੱਕ ਵਜਾ ਹੈ ਕਿ ਸੈਰ ਤੇ ਜਾਂਦੀ ਬੱਤਖਾਂ ਦਾ ਚੇਲੇ ਬਣਾਉਣ ਨਾਲ਼ ਇੱਕ ਗਹਰਾ ਨਾਤਾ ਹੈਗਾ।

ਪਰਮੇਸ਼ਰ ਚਾਹੁੰਦਾ ਹੈ ਕਿ ਉਸ ਦਾ ਪਰਿਵਾਰ ਦੂਰ ਦੂਰ ਵੱਧ ਜਾਵੇ ਅਤੇ ਇਸ ਲਈ ਉਹ ਹਰ ਇੱਕ ਚੇਲੇ ਤੋ ਇੱਕ ਲੀਡਰ ਬਨਣ ਦੀ ਉਮੀਦ ਕਰਦਾ ਹੈ। ਹਰ ਇੱਕ ਵਿਸ਼ਵਾਸੀ ਸਾਂਝਾ ਕਰਨ ਵਾਲਾ ਬਣੇ, ਅਤੇ ਹਰ ਇੱਕ ਹੀ ਸਮੇਂ ਤੇ ਇੱਕ ਚੇਲਾ, ਚੇਲਾ ਬਣਾਉਣ ਵਾਲਾ ਹੋਵੇ।

ਇੱਕ ਜਾਲ਼ ਜਿਸ ਵਿੱਚ ਅਸੀਂ ਫੱਸ ਜਾਂਦੇ ਹਾਂ, ਚੇਲੇ ਅਤੇ ਚੇਲੇ ਬਣਾਉਣ ਵਾਲੇ ਦੇ ਰੂਪ ਵਿੱਚ ਇਹ ਇੱਕ ਝੂਠਾ ਵਿਸ਼ਵਾਸ ਹੈ ਕਿ ਸਾਨੂੰ ਸਬ ਕੁੱਝ ਜਾਨਣਾ ਚਾਹੀਦਾ ਹੈ, ਜਾਂ ਅਸੀਂ ਕੁੱਝ ਵੀ ਸਾਂਝਾ ਕਰਨ ਤੋਂ ਪਹਿਲਾਂ ਹੀ ਬਹੁਤ ਕੁੱਝ ਕਰ ਸਕਦੇ ਹਾਂ। ਪਰ ਚੇਲਾ ਹੋਣਾ ਇਸ ਤਰਾਂ ਕੱਮ ਨਹੀਂ ਕਰਦਾ।

ਚੇਲੇ ਬੱਤਖ ਦੇ ਬੱਚਿਆਂ ਵਰਗੇ ਹਨ। ਲੀਡਰ ਹੋਣ ਲਈ ਉਨ੍ਹਾਂ ਨੂੰ ਸਬ ਕੁੱਝ ਜਾਨਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਨੂੰ ਬਸ ਇੱਕ ਕਦਮ ਅੱਗੇ ਹੋਣਾ ਚਾਹੀਦਾ ਹੈ। ਪਰਮੇਸ਼ਰ ਚਾਹੁੰਦਾ ਹੈ ਕਿ ਉਸ ਦਾ ਪਰਿਵਾਰ ਵਫ਼ਾਦਾਰੀ ਨਾਲ ਵਧੇ। ਇਸ ਲਈ ਉਹ ਉੱਮੀਦ ਕਰਦੇ ਹਨ ਕਿ ਹਰ ਇੱਕ ਲੀਡਰ ਇੱਕ ਚੇਲਾ ਵੀ ਹੋਵੇ। ਹਰ ਇੱਕ ਵਿਸ਼ਵਾਸੀ ਸਾਂਝਾ ਕਰਨ ਵਾਲਾ ਹੋਵੇ ਅਤੇ ਇੱਕ ਹੀ ਸਮੇਂ ਤੇ ਇੱਕ ਚੇਲਾ ਬਣਾਉਣ ਵਾਲ਼ਾ ਇੱਕ ਚੇਲਾ ਵੀ ਹੋਵੇ।

ਇੱਕ ਹੋਰ ਜਾਲ਼ ਜਿਸ ਵਿਚ ਅਸੀਂ ਫੱਸਦੇ ਹਾਂ ਚੇਲੇ ਅਤੇ ਚੇਲੇ ਬਣਾਉਣ ਵਾਲੇ ਦੇ ਰੂਪ ਵਿਚ, ਇਹ ਇੱਕ ਝੂਠਾ ਵਿਸ਼ਵਾਸ ਹੈ ਕਿ ਕੀਤੇ ਕੋਈ ਸਭ ਕੁੱਝ ਜਾਣਦਾ ਹੈ ਅਤੇ ਜੇ ਅਸੀਂ ਉਸ ਨੂੰ ਲੱਭ ਕੇ ਉਸ ਦੇ ਪਿੱਛੇ ਚਲਦੇ ਹਾਂ ਤਾਂ ਅਸੀਂ ਸੈਂਟ ਹਾਂ।

ਪਰ ਇਸ ਤਰਾਂ ਵੀ ਚੇਲਾ ਹੋਣਾ ਕੰਮ ਨਹੀਂ ਕਰਦਾ।

ਪਰਮੇਸ਼ਰ ਦੇ ਰਾਜ ਵਿੱਚ ਕੇਵਲ ਇੱਕ ਹੀ ਮਾਂ ਬੱਤਖ ਹੈ ਜਿਸਦੇ ਪਿੱਛੇ ਅਸੀਂ ਸਾਰੇ ਚਲਦੇ ਹਾਂ। ਕੋਈ ਮਿਸ਼ਨਰੀ ਨਹੀਂ, ਕੋਈ ਪਾਦਰੀ ਨਹੀਂ, ਕੋਈ ਸੇਮੀਨਰੀ ਪ੍ਰੋਫ਼ੇਸਰ ਨਹੀਂ, ਸਿਰਫ਼ ਯੀਸ਼ੂ ਹੀ ਸਾਡੇ ਵਿਸ਼ਵਾਸ ਦੇ ਪੂਰੇ ਮਾਪ ਦੇ ਹੱਕ਼ਦਾਰ ਹਨ।

ਬਾਕ਼ੀ ਦੇ ਅਸੀਂ ਸਾਰੇ ਪ੍ਰੀਕ੍ਰਿਆ ਵਿਚ ਹਾਂ। ਯੀਸ਼ੂ ਦੇ ਕ਼ਰੀਬ ਹਮੇਸ਼ਾ ਕੋਈ ਨਾ ਕੋਈ ਹੋਵੇਗਾ ਜਿਸ ਦੇ ਪਿੱਛੇ ਅਸੀਂ ਚਲ ਸਕਦੇ ਹਾਂ। ਅਤੇ ਹਮੇਸ਼ਾ ਹੋਰ ਕੋਈ ਬਹੁਤ ਦੂਰ ਹੋ ਸੱਕਦਾ  ਹੈ ਜਿਸ ਨੂੰ ਅਸੀਂ ਲੀਡ ਕਰ ਸਕਦੇ ਹਾਂ ਪਰ ਸਾਡੀ ਸਥਿਤੀ ਕੁੱਝ ਵੀ ਹੋਵੇ ਪਰ ਸਾਡੀਆਂ ਅੱਖਾਂ ਅਤੇ ਸਾਡਾ ਦਿਲ ਹਮੇਸ਼ਾ ਹਮੇਸ਼ਾ ਯੀਸ਼ੂ ਤੇ ਨਿਸ਼ਚਿਤ ਹੋਣੇ ਚਾਹੀਦੇ ਹਨ।

ਬਾਈਬਲ ਵਿੱਚ, ਪੌਲੁਸ ਨੇ, ਜਿਸ ਨੇ ਜ਼ਯਾਦਾਤਰ ਨਵਾਂ ਨੇਮ ਲਿਖਿਆ ਹੈ ਅਤੇ ਜਿਸ ਨੇ ਬਹੁਤ ਸਾਰੀਆਂ ਸ਼ੁਰੂਆਤ ਦੀ ਕਲੀਸਿਆਵਾਂ ਨੂੰ ਸ਼ੁਰੂ ਕਿੱਤਾ। ਉਸ ਨੇ ਸਿਰਫ਼ ਇਹ ਨਹੀਂ ਲਿਖਿਆ.... "ਮੇਰੇ ਪਿੱਛੇ ਚਲੋ।" ਉਸ ਨੇ ਲਿਖਿਆ, "ਮੇਰੇ ਪਿੱਛੇ ਚਲੋ ਜਿਵੇਂ ਮੈਂ ਯੀਸ਼ੂ ਦੇ ਪਿੱਛੇ ਚਲਦਾ ਹਾਂ।

ਪੌਲੁਸ ਜਾਣਦਾ ਸੀ ਜੋ ਬੱਤਖ ਦੇ ਬੱਚੇ ਹਰ ਜਗਹ ਜਾਣਦੇ ਹਨ ਅਤੇ ਹਰ ਇੱਕ ਚੇਲੇ ਨੂੰ ਵੀ ਪਤਾ ਹੋਣਾ ਚਾਹੀਦਾ ਹੈ-----ਪਰਮੇਸ਼ਰ ਦੇ ਰਾਜ ਵਿੱਚ ਹਰ ਇੱਕ ਲੀਡਰ ਨੂੰ ਇੱਕ ਚੇਲਾ ਵੀ ਹੋਣਾ ਚਾਹੀਦਾ ਹੈ ਅਤੇ ਅਸੀਂ ਸਾਰੇ ਯੀਸ਼ੂ ਦੇ ਪਿੱਛੇ ਚਲਦੇ ਹਾਂ।

ਬਾਈਬਲ ਵਿੱਚ, ਪੌਲੁਸ ਨੇ ਇਹ ਵੀ ਲਿਖਿਆ ਹੈ: "ਜਿਹੜੀਆਂ ਗੱਲਾਂ ਮੇਥੋਂ ਸੁਣੀਆਂ ਹਨ ਅਜਿਹੀਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ।

ਪੌਲੁਸ ਜਾਣਦਾ ਸੀ ਜੋ ਬੱਤਖ ਦੇ ਬੱਚੇ ਹਰ ਜਗਹ ਜਾਣਦੇ ਹਨ ਅਤੇ ਹਰ ਇੱਕ ਚੇਲੇ ਨੂੰ ਵੀ ਜਾਨਣਾ ਚਾਹੀਦਾ ਹੈ-----ਪਰਮੇਸ਼ਰ ਦੇ ਰਾਜ ਵਿੱਚ ਹਰ ਇੱਕ ਚੇਲੇ ਨੂੰ ਇੱਕ ਲੀਡਰ ਹੋਣਾ ਚਾਹੀਦਾ ਹੈ ਅਤੇ ਸਾਨੂੰ ਸਾਰੇਯਾ ਨੂੰ ਯੀਸ਼ੂ ਵਾਂਗ ਲੀਡ ਕਰਨਾ ਚਾਹੀਦਾ ਹੈ, ਦੂਸਰੇਆਂ ਲਈ ਅਪਣਾ ਜੀਵਨ ਕੁਰਬਾਨ ਕਰਕੇ।

ਜੇ ਤੁਸੀਂ ਪਰਮੇਸ਼ਰ ਦੇ ਪਰਿਵਾਰ ਨੂੰ ਦੂਰ ਦੂਰ ਤਕ ਅਤੇ ਵਿਸ਼ਵਾਸ ਵਿੱਚ ਵੱਧਦੇ ਹੋਏ ਵੇਖਣਾ ਚਾਹੁੰਦੇ ਹੋ ਤਾਂ ਬੱਤਖ ਦੇ ਬੱਚਿਆਂ ਵਾਂਗ ਚੇਲੇ ਬਣਾਉਣ ਦਾ ਸੋਚੋ-ਇੱਕ ਹੀ ਸਮੇਂ ਤੇ ਚੇਲਾ ਅਤੇ ਲੀਡਰ ਬਣ ਜਾਓ।

---

## ਚਰਚਾ ਕਰੋ

**(10 ਮਿੰਟ)**

- ਚੇਲੇਪਨ ਵਿੱਚ ਇੱਕ ਖੇਤਰ ਕਿਹੜਾ ਹੈ (ਪੜ੍ਹਨਾ/ਬਾਈਬਲ ਨੂੰ ਸਮਝਣਾ, ਪ੍ਰਾਰਥਨਾ ਕਰਨਾ, ਪਰਮੇਸ਼ੁਰ ਦੀ ਕਹਾਣੀ ਵੰਡਣਾ, ਆਦਿ) ਜਿਸ ਦੇ ਬਾਰੇ ਤੁਸੀਂ ਹੋਰ ਸਿੱਖਣਾ ਚਾਹੁੰਦੇ ਹੋ? ਕੌਣ ਹੈ ਜਿਸ ਨੂੰ ਸਿੱਖਣ ਵਿੱਚ ਤੁਸੀਂ ਸਹਾਇਤਾ ਕਰ ਸਕਦੇ ਹੋ?
- ਚੇਲੇਪਨ ਵਿੱਚ ਉਹ ਕਿਹੜਾ ਖੇਤਰ ਹੈ ਜਿਸ ਬਾਰੇ ਤੁਸੀਂ ਮਹਿਸੂਸ ਕਰਦੇ ਕਿ ਤੁਸੀਂ ਹੋਰਨਾਂ ਨਾਲ ਵੰਡ ਸਕਦੇ ਹੋ? ਤੁਸੀਂ ਕਿਸ ਨਾਲ ਇਸ ਨੂੰ ਵੰਡ ਸਕਦੇ ਹੋ?

---

## ਪੜ੍ਹੋ

**(5 ਮਿੰਟ)**

**ਜਿੱਥੇ ਰਾਜ ਨਹੀਂ ਹੈ ਨੂੰ ਵੇਖਣ ਲਈ ਅੱਖਾਂ**

ਇਸਸੈਸ਼ਨ ਵਿੱਚ ਅਸੀਂ ਸਿਖਾਂਗੇ ਕਿ ਚੇਲੇ ਦੂਰ ਤਕ ਅਤੇ ਤੇਜ਼ੀਨਾਲ ਕਿਵੇਂ ਵਧਦੇ ਹਨ, ਜਦੋਂ ਓਹ ਵੇਖਦੇ ਹਨ ਕਿ ਕਿਥੇ ਪਰਮੇਸ਼ਰ ਦਾ ਰਾਜ ਨਹੀ ਹੈ ।

ਮਨੁੱਖ ਦੇਰੂਪ ਵਿੱਚ, ਅਸੀਂ ਓਹਨਾਂ ਚੀਜ਼ਾ ਬਾਰੇ ਸੋਚਦੇ ਤੇ ਧਿਆਨ ਦਿੰਦੇ ਹਾਂ ਜਿਨ੍ਹਾਂ ਨੂੰ ਅਸੀਂ ਵੇਖਦੇ ਹਾਂ । ਚੀਜਾਂ ਦੇ ਇਸ ਤਰ੍ਹਾਂ ਹੋਣ ਨੂੰ ਅਸੀਂ ਅਸਲੀਅਤ ਕਹਿੰਦੇ ਹਾਂ । ਪਰ ਜਦੋਂ ਅਸੀਂ ਓਹਨਾਂ ਚੀਜਾਂ ਤੇ ਧਿਆਨ ਦਿੰਦੇ ਹਾਂ ਜਿਨ੍ਹਾਂ ਨੂੰ ਅਸੀਂ ਨਹੀਂ ਵੇਖ ਸਕਦੇ ਤਾਂ ਰਾਜ ਤੇਜ਼ੀ ਨਾਲ ਵੱਧਦਾ ਹੈ । ਚੀਜਾਂ ਜੋ ਓਥੇ ਨਹੀਂਹਨ, ਫੇਰ ਵੀ ।

ਸਾਡੇ ਆਸੇ – ਪਾਸੇ ਅਜਿਹੀਆਂ ਥਾਵਾਂ ਹਨ ਜਿਥੇ ਪਰਮੇਸ਼ਰਦੀ ਇਛਿਆ ਉਸ ਤਰ੍ਹਾਂ ਨਾਲ ਪੂਰੀ ਨਹੀਂ ਹੁੰਦੀ ਜਿਵੇਂ ਸੁਰਗ ਚ ਹੁੰਦੀ ਹੈ – ਵੱਡੀ ਖਾਲੀ ਥਾਂ ਜਿਵੇਂ ਟੁੱਟਾਪਣ, ਦਰਦ, ਕਸ਼ਟ ਅਤੇ ਮੋਤ ਆਮ ਰੂਪ ਵਿੱਚ ਰੋਜ਼ਾਨਾ ਜਿੰਦਗੀ ਦਾ ਹਿੱਸਾ ਹਨ

ਹਰ ਚੇਲਾ – ਯਿਸੂ ਦੇ ਹਰ ਅਨੁਸਰਣ ਕਰਨ ਵਾਲੇ ਨੂੰ – ਇਹ ਵੇਖਣਾ ਜ਼ਰੂਰੀ ਹੈ ਕਿ ਪਰਮੇਸ਼ਰ ਦਾ ਰਾਜ ਕਿਥੇ ਹੈਂ ਅਤੇ ਕਿਥੇ ਨਹੀ ਹੈ । ਰਾਜ ਦਾ ਕੰਮ ਖਾਲੀ ਥਾਵਾਂ ਤੇ ਅੰਧੇਰੀ ਥਾਵਾਂ ਤੇ ਦਾਖ਼ਲ ਹੋਣ ਤੇ ਗਹਰੀ ਖਾਈਆਂ ਨੂੰ ਭਰਨ ਅਤੇ ਧਰਤੀ ਤੇ ਆਪਣਾ ਸਮਾਂ ਰਹਿੰਦੇ ਪਰਕਾਸ਼ ਤੇ ਜੀਵਨ ਲਿਆਉਣ ਬਾਰੇ ਹੈ ।

ਦੋ ਤਰੀਕਿਆਂ ਨਾਲ ਅਸੀਂ ਵੇਖ ਸਕਦੇ ਹਾਂ ਕਿ ਪਰਮੇਸ਼ਰ ਦਾ ਰਾਜ ਕਿਥੇ ਨਹੀਂ ਹੈ – ਜਿਨ੍ਹਾਂ ਨੂੰ ਅਸੀਂ ਜਾਣਦੇ ਹਾਂ ਅਤੇਜਿਨ੍ਹਾਂਨੂੰਅਸੀਂ ਹੁਣ ਤਕ ਨਹੀਂ ਮਿਲੇ ਹਾਂ।

ਪਹਿਲਾ ਤਰੀਕਾ ਹੈ ਜਿਨ੍ਹਾਂ ਨੂੰ ਅਸੀਂ ਪਹਿਲਾਂ ਤੋਂ ਜਾਣਦੇ ਹਾਂ, ਓਹਨਾਂ ਦੇ ਜ਼ਰੀਏ – ਦੋਸਤ,ਪਰਿਵਾਰ ਵਾਲੇਆਂ, ਸਹਿਕਰਮੀ,ਜਮਾਤੀ ਤੇ ਪੜੋਸਿਆਂਦੇ ਨਾਲ ਸਾਡੇ ਸਬੰਧ। ਇਸ ਤਰਾਂ ਨਾਲ ਪਰਮੇਸ਼ਰ ਦੀ ਕਹਾਣੀਸਬ ਤੋਂ ਤੇਜ਼ੀ ਨਾਲ  ਅੱਗੇ ਵਧਦੀ ਹੈ। ਅਸੀਂ ਲੋਕਾਂ ਨੂੰ ਪ੍ਰੇਮ ਕਰਦੇ ਹਾਂ ਤੇ ਉਨਾਂ ਦੀ ਚਿੰਤਾ ਕਰਦੇ ਹਾਂ ਕਿਉਕਿ ਅਸੀਂ ਪਹਿਲਾਂ ਤੋਂ ਹੀ ਓਹਨਾਂਨੂੰ  ਜਾਣਦੇ ਹਾਂ। ਇਹਸੁਭਾਵਕ ਹੈ

ਯਿਸੂਨੇ ਇਕ ਸਵਾਰਥੀ ਅਮੀਰ ਆਦਮੀ ਦੀ ਕਹਾਣੀ ਦੱਸੀ ਜੋ ਜੀਵਨ ਵਿੱਚ ਅਖੱੜ ਸੀ ਪਰ ਹੁਣ ਉਸਨੂੰ ਨਰਕ ਵਿੱਚ ਦੰਡ ਮਿਲ ਰਿਹਾ ਹੈ। ਅਮੀਰ ਆਦਮੀ ਨੇ ਵਿਨਤੀ ਕੀਤੀ ਕਿ – 'ਲਾਜਰ ਨੂੰਮੇਰੇ ਪਿਤਾਦੇ ਘਰ ਭੇਜ ਦਿਓ, ਮੇਰੇਪੰਜਾਭਰਾਂਵਾਂ ਨੂੰ ਚਿਤਾਨ ਦੇ ਲਈ ਤਾਂ ਜੋ ਉਹ ਇਸ ਭਿਯਾਨਕ ਥਾਂ ਤੇ ਨਾ ਪਹੁਚਣ।'

ਯਿਸੂ ਨੇ ਸਾਨੂੰ ਦਰਸਾਇਆ ਕਿ ਸਵਾਰਥੀ ਅਤੇ ਕਸ਼ਟ ਚੱਕਣਵਾਲੇ ਲੋਕ ਵੀ ਆਪਣੇ ਕਰੀਬੀ ਲੋਕਾਂ ਨਾਲ ਕਿਵੇਂ ਪ੍ਰੇਮ ਕਰਦੇ ਹਨ ਅਤੇ ਓਹਨਾਂ ਦੀ ਚਿੰਤਾ ਕਰਦੇ ਹਨ।

ਜਿਨ੍ਹਾਂ ਲੋਕਾਂ ਨੂੰ ਅਸੀਂ ਜਾਣਦੇ ਹਾਂ ਓਹ ਸਾਡੇ ਜੀਵਨ ਵਿੱਚਇਸਲਈ ਹਨ ਕਿਉਕਿ ਪਰਮੇਸ਼ਰ ਸਾਨੂੰ ਪ੍ਰੇਮ ਕਰਦੇ ਹਨ ਤੇ ਉਹ ਚਾਹੁੰਦੇ ਹਨ ਕਿ ਅਸੀਂ ਉਨਾਂ ਨਾਲ ਪ੍ਰੇਮ ਕਰੀਏ. ਪ੍ਰੇਮ, ਧੀਰਜ ਤੇ ਦ੍ਰਿੜਤਾ ਦੇ ਨਾਲ ਸਾਨੂੰ ਇੰਨਾ ਸਬੰਧਾਂ ਦੇ ਚੰਗੇ ਰਖਵਾਲੇ ਬਣਨਾ ਚਾਹਿਦਾ ਹੈ। ਚੇਲੇ ਓਦੋਂ ਵਧਦੇ ਹਨ ਜਦ ਓਹ ਆਪਣੇ ਆਸੇ - ਪਾਸੇ ਪਰਮੇਸ਼ਰ ਦੇ ਦਵਾਰਾਰਖੇ ਲੋਕਾਂ ਦੀ ਚਿੰਤਾ ਕਰਦੇ ਹਨ ਤੇ ਇਸ ਬਾਰੇ ਚ ਕੁਝ ਕਰਨ ਦੇ ਲਈ ਓਹਨਾਂ ਕੋਲ ਯੋਜਨਾ ਹੈ।

ਤੁਸੀਂ ਓਹਨਾਂ ਦੀ ਦੇਖਭਾਲ ਨੂੰ ਵਧਾਉਣਚ ਮਦਦ ਤੇ ਕੁਝ ਤਰੀਕਿਆਂ ਤੋਂ ਵਧਣ ਦੀ ਅਸਾਨ ਯੋਜਨਾ ਬਣਾ ਸਕਦੇ ਹੋ ਇਸ ਤਰਾਂ ਨਾਲ – 100 ਲੋਕਾਂਦੀਸੂਚੀ ਬਣਾਓ ਜਿਨ੍ਹਾਂ ਨੂੰ ਓਹ ਪਹਿਲਾਂ ਤੋਂ ਜਾਣਦੇ ਹਨ। ਓਸਸੂਚੀ ਨੂੰ 3 ਭਾਗਾਂ ਵਿੱਚ ਵੰਡੋ।

- ਜੋ ਯਿਸੂ ਦੇ ਚੇਲੇ ਹਨ।
- ਜੋ ਯਿਸੂ ਦੇ ਚੇਲੇ ਨਹੀਂ ਹਨ
- ਜਿਨਾਂ ਦੇ ਬਾਰੇ ਓਹ ਪੱਕਾ ਨਹੀ ਜਾਣਦੇ ਕਿ ਓਹ ਚੇਲੇ ਹਨ ਜਾਂ ਨਹੀਂ

ਚੇਲਿਆਂ ਨੂੰ ਹੋਰ ਵੀ ਜ਼ਿਆਦਾ ਫਲਦਾਈਤੇ ਵਿਸ਼ਵਾਸਯੋਗ ਬਣਾਨ ਦੇ ਲਈ ਚੇਲੇਓਹਨਾਂ ਨੂੰ ਤਿਆਰ  ਤੇ ਉਤਸ਼ਾਹਤ ਕਰ ਸਕਦੇ ਹਨ ------ ਜੋ ਚੇਲੇ ਨਹੀ ਹਨ ਓਹਨਾਂ ਲਈ – ਚੇਲੇਸਿੱਖ ਸਕਦੇ ਹਨ ਕਿ ਓਹਨਾਂ ਨੂੰ ਪ੍ਰੇਮੀ ਪਰਮੇਸ਼ਰ ਬਾਰੇ ਕਿਵੇਂ ਦਸਣ ਜਿਹਨਾਂ ਦੇ ਬਾਰੇ ਓਹ ਨਿਸ਼ਚਤ ਨਹੀਂ ਹਨ – ਚੇਲੇ ਓਹਨਾਂ ਦੇ ਨਾਲ ਆਪਣਾ ਜ਼ਿਆਦਾ ਸਮਾਂ ਬਿਤਾਓ ਅਤੇ ਓਹਨਾਂ ਦੇ ਬਾਰੇ ਜ਼ਿਆਦਾ ਜਾਣੋ ਜਿਨਾਂ ਨਾਲ ਅਸੀਂ ਨਹੀਂ ਮਿਲੇ ਹਾਂ ਓਹਨਾਂ ਵਿੱਚ ਅਸੀਂ ਇਹ ਵੇਖਦੇ ਹਾਂ ਕਿ ਪਰਮੇਸ਼ਰ ਦਾ ਰਾਜ ਕਿਥੇ ਨਹੀਂ ਹੈ

ਸਾਡੇ ਸਬੰਧਾਂ ਤੋਂ ਬਾਹਰ ਵੀ ਲੋਕ ਹਨ – ਓਹ ਲੋਕ ਜਿਨ੍ਹਾਂ ਨੂੰ ਅਸੀਂ ਨਹੀਂ ਜਾਣਦੇ, ਪੜੋਸੀ ਜਿਨਾਂ ਨੂੰ  'ਨਮਸਤੇ' ਤੋਂ ਵੱਧ ਅਸੀਂ ਕਦੇ ਕੁਝ ਨਹੀਂ ਕਿਹਾ, ਕਾਰੋਬਾਰੀ ਤੇ ਔਰਤਾਂ ਜਿਨਾਂ ਨੂੰ ਅਸੀਂ ਸੜਕਾਂ ਤੇ ਵੇਖਦੇ ਹਾਂ, ਹਰ ਪਿੰਡ, ਕਸਬੇ ਜਾਂ ਸ਼ਹਿਰ ਵਿੱਚ ਅਜਨਬੀ, ਜਿਨਾਂ ਨੂੰ ਅਸੀਂ ਹੁਣ ਤਕ ਨਹੀ ਮਿਲੇ

ਯਿਸੂ ਨੇ ਕਿਹਾ ਹੈ – ਸਬ ਦੇਸ਼ਾਂ ਤੋਂ ਚੇਲੇ ਬਣਾਓ। ਯਿਸੂ ਨੇ ਕਿਹਾ ਹੈ – ਯਰੂਸ਼ਲੇਮ, ਯਹੂਦਾ, ਸਾਮਰਿਆ ਤੇ ਧਰਤੀ ਦੇ ਸਿਰੇਤਕ ਤੁਸੀਂ ਮੇਰੇ ਗਵਾਹਠਹਿਰੋਗੇ।

ਜਿਨਾਂ ਲੋਕਾਂ ਨੂੰ ਅਸੀਂ ਜਾਣਦੇ ਹਾਂ ਓਹਨਾਂ ਨੂੰ ਦਸਣ ਨਾਲ ਪਰਮੇਸ਼ਰ ਦੀ ਕਹਾਣੀ ਬਹੁਤ ਤੇਜ਼ੀ ਨਾਲ ਅੱਗੇ ਵਧੇਗੀ। ਜਿਨਾਂ ਲੋਕਾਂ ਨੂੰ ਅਸੀਂ ਨਹੀਂ ਜਾਣਦੇ ਓਹਨਾਂ ਨੂੰ ਦਸਣ ਨਾਲ ਪਰਮੇਸ਼ਰ ਦੀਕਹਾਣੀ ਦੂਰ ਤਕ ਪਹੁੰਚੇਗੀ।

ਜਿਨਾਂ ਨੂੰ ਅਸੀਂ ਨਹੀਂ ਜਾਣਦੇ ਜੇ ਅਸੀਂ ਓਹਨਾਂ ਲੋਕਾਂ ਨੂੰ ਪ੍ਰੇਮ ਤੇ ਓਹਨਾਂ ਦੀ ਪਰਵਾਹ ਕਰਦੇਹਾਂਤਾਂ ਇਹ ਸੁਭਾਵਕ ਨਹੀ ਸਗੋਂ ਚਮਤਕਾਰੀ ਹੈ ਅਤੇ ਸਾਡੇ ਜੀਵਨਾਂ ਵਿੱਚ ਪਵਿਤਰ ਆਤਮਾ ਦਾ ਪਰਮਾਣ ਹੈ। ਤੁਛ, ਅਖੀਰੀ ਤੇ ਗੁਆਚੇ ਹੋਏ ਪਰਮੇਸ਼ਰ ਦੇ ਪਿਆਰੇ ਹੁੰਦੇ ਹਨ। ਇਹਨਾਂ ਲਈ ਓਹ ਬਾਰ – ਬਾਰ ਆਪਣਾ ਹਿਰਦਾ ਉਡੇਲਦੇ ਹਨ।

ਜੇ ਅਸੀਂ ਪਰਮੇਸ਼ਰ ਦੇ ਵਾਂਗ ਬਣਨਾ ਹੈ ਤਾਂ ਸਾਨੂੰ ਓਨਾਂ ਚ ਆਪਣਾ ਜੀਵਨ ਲਾਉਣ ਦੀ ਲੋੜ ਹੈ। ਪਰਮੇਸ਼ਰ ਸਾਨੂੰ ਜਾਣ ਦੀ ਆਗਿਆ ਦਿੰਦੇ ਹਨ। ਤੇ ਅਸੀਂ ਸਿਰਫ ਕਰੀਬੀ ਲੋਕਾਂ ਤਕ ਨਹੀਂ ਜਾਣਾ ਹੈ ਸਗੋ ਓਹਨਾਂ ਲੋਕਾਂ ਤਕ ਵੀ ਪੁਜਣਾ ਹੈ ਜੋ ਦੁਨਿਆਂ ਦੇ ਆਤਮਿਕ ਹਨੇਰੇ ਕੋਨਿਆਂ ਵਿੱਚ ਰਹਿੰਦੇ ਹਨ – ਅਜੇਹੇ ਲੋਕ ਜਿਨਾਂ ਨੇ ਕਦੇ ਯਿਸੂ ਦਾ ਨਾਂ ਤਕ ਨਹੀਂ ਸੁਣਿਆਂ।

ਪਰਮੇਸ਼ਰ ਦਾ ਵਚਨ ਕਹਿੰਦਾ ਹੈ – ਪਰਮੇਸ਼ਰ ਘਮੰਡੀ ਦਾ ਵਿਰੋਧਕਰਦੇ ਹਨ ਪਰ ਦੀਨ ਤੇ ਰਹਿਮਤ ਕਰਦੇ ਹਨ। ਯਿਸੂ ਦੇ ਚੇਲੇ ਦੇ ਰੂਪ ਵਿੱਚ ਸਾਨੂੰ ਜ਼ਰੂਰ ਹੀ – ਦੀਨ, ਨਿਰਾਸ਼ ਤੇ ਗੁਵਾਚੇ ਹੋਏ ਲੋਕਾਂ ਤੇ ਦਯਾ ਕਰਨੀ ਚਾਹੀਦੀ ਹੈ ਜਿਵੇਂ ਓਹ ਸਾਡੇ ਤੇ ਦਯਾ ਕਰਦੇ ਹਨ। ਚੇਲੇ ਓਦੋ ਹੋਰ ਜ਼ਿਆਦਾ ਵਧਦੇ ਹਨ ਜਦ ਓਹ ਓਹਨਾਂ ਲੋਕਾਂ ਦੀ ਚਿੰਤਾ ਕਰਦੇ ਹਨ ਜਿਨਾਂ ਨੂੰ ਪਰਮੇਸ਼ਰ ਨੇ ਉਨਾਂ ਦੇ ਨੇੜੇ ਰਖਿਆ। ਚੇਲੇ ਓਦੋ ਹੋਰ ਜ਼ਿਆਦਾ ਵਧਦੇ ਹਨ ਜਦ ਓਹ ਓਹਨਾਂ ਲੋਕਾਂ ਦੀ ਚਿੰਤਾ ਕਰਦੇ ਹਨ ਜਿਨਾਂ ਨੂੰ ਪਰਮੇਸ਼ਰ ਨੇ ਓਹਨਾਂ ਦੇ ਨੇੜੇ ਨਹੀ ਰਖਿਆ, ਪਰ ਫੇਰ ਵੀ ਓਹਨਾਂ ਨੂੰ ਇਕ ਯੋਜਨਾ ਬਣਾਨਦੀ ਲੋੜ ਹੈ।

ਤੁਸੀਂ ਦੂਜਿਆਂ ਬਾਰੇ ਚਿੰਤਾ ਕਰਨ ਦੇ ਜ਼ਰੀਏ ਇਕ ਚੇਲੇ ਦੀ ਵਧਣ ਵਿੱਚ ਮਦਦ ਕਰ ਸਕਦੇ ਹੋ ਤੇ ਇਸਦੇ ਲਈ ਅਸਾਨਯੋਜਨਾ ਵੀ ਬਣਾ ਸਕਦੇ ਹੋ –ਓਹਨਾਂ ਨੂੰ ਸਿਖਲਾਈ ਦੇ ਜ਼ਰੀਏ, ਓਹਨਾਂ ਲੋਕਾਂ ਨੂੰ ਲਭਣ ਦੇ ਲਈ ਜਿਨਾਂ ਨੂੰ ਸੁਣਨ ਦੇ ਲਈ ਪਰਮੇਸ਼ਰ ਨੇ ਪਹਿਲਾਂ ਤੋਂ ਹੀ  ਤਿਆਰ ਕਰ ਰਖਿਆ ਹੈ। ਯਿਸੂ ਨੇ ਕਿਹਾ ਹੈ – ਜਦੋਂ ਤੁਸੀਂ ਕਿਸੇ ਘਰ ਵਿੱਚ ਜਾਓ ਤਾਂ ਕਹਿਣਾ – "ਪਰਮੇਸ਼ਰ ਇਸ ਘਰ ਵਿੱਚ ਸ਼ਾਂਤੀ ਦੇ" ਜੇ ਓਥੇ ਰਹਿਣ ਵਾਲੇ ਲੋਕ ਸ਼ਾਂਤੀ ਪਸੰਦ ਹਨ ਤਾਂ ਤੁਹਾਡੀ ਪ੍ਰਾਰਥਨਾ ਨਾਲ ਓਹਨਾਂ ਨੂੰ ਸ਼ਾਂਤੀ ਤੇ ਅਸੀਸ ਮਿਲੇਗੀ ਨਹੀਂ ਤਾਂ ਤੁਹਾਡੀ ਪ੍ਰਾਰਥਨਾ ਤੁਹਾਡੇ ਕੋਲ ਵਾਪਸ ਆ ਜਾਵੇਗੀ।

ਅਸੀਂ ਓਸ ਮਨੁੱਖ ਨੂੰ ਬੁਲਾਂਦੇ ਹਾਂ ਜਿਸਨੂੰ ਪਰਮੇਸ਼ਰ ਨੇ ਪਹਿਲਾਂ ਤੋਂ ਤਿਆਰ ਕੀਤਾ ਹੈ – ਸ਼ਾਂਤੀ ਦਾ ਮਨੁੱਖ – ਜੋ ਪਰਮੇਸ਼ਰ ਦੇ ਸੁਨੇਹੇ ਦੇ ਪ੍ਰਤੀ ਜ਼ਿਮੇਦਾਰ ਹੈਤੇ ਆਗਿਆ ਮਨਣ ਤੇ ਦੂਜਿਆਂ ਨਾਲ ਵੰਡਣ ਵਿੱਚ ਵਿਸ਼ਵਾਸਯੋਗ ਹੈ। ਜਿਥੇ ਅਸੀਂ ਕੁਝ ਲੋਕਾਂ ਨੂੰ ਹੀ ਜਾਣਦੇ ਹਾਂ, ਓਥੇ ਆਪਣੇ ਦੋਸਤਾਂ, ਪਰਿਵਾਰ ਵਾਲੇ, ਸਹਿਕਰਮੀਆਂ, ਜਮਾਤੀਆਂ ਤੇ ਪੜੋਸਿਆਂ ਨੂੰ ਇਸਨੂੰ ਵੰਡਣ ਦੀ ਬਜਾਏ, ਅਸੀਂ ਸ਼ਾਂਤੀ ਦੇ ਮਨੁਖ ਨੂੰ ਸਿਖਲਾਈ ਦਿੰਦੇ ਹਾਂ ਕਿ ਓਹ ਦੂਜਿਆਂ ਤਕ ਕਿਵੇਂ ਪਹੁੰਚੇ।

ਪਰ ਸਬਤੋਂ ਵਧਿਆ ਨਤੀਜਾ ਓਦੋਂ ਮਿਲਦਾ ਹੈ ਜਦੋਂ ਅਸੀਂ ਵਿਸ਼ਵਾਸਯੋਗਤਾ ਤੇ ਧਿਆਨ ਦਿੰਦੇ ਹਾਂ। ਯਾਦ ਰਖੋ ਪਰਮੇਸ਼ਰ ਦੀ ਆਗਿਆ ਮਣਨ ਤੇ ਇਸਨੂੰ ਦੂਜਿਆਂ ਨੂੰ ਦਸਣ ਦੇ ਜ਼ਰੀਏ ਵਿਸ਼ਵਾਸਯੋਗਤਾ ਨਜ਼ਰ ਆਉਂਦੀ ਹੈ । ਵਿਸ਼ਵਾਸਯੋਗ ਲੋਕ  ਜੋ ਆਗਿਆ ਮੰਨਦੇ ਤੇ ਵੰਡਦੇ ਹਨਚੰਗੀ ਮਿੱਟੀ ਵਾਂਗ ਹਨ ਜਿਸਦੇ ਬਾਰੇ ਯਿਸੂ ਨੇ ਦਸਿਆ ਸੀ।

ਯਿਸੂ ਨੇ ਕਿਹਾ ਹੈ –ਕੁਝਬੀਜ ਚੰਗੀ ਧਰਤੀ ਤੇ ਡਿੱਗੇ ,ਜਿਸ ਨਾਲ ਤੀਹ ਗੁਣਾ ਜਾਂ ਸਠ ਗੁਣਾ ਜਾਂ ਸੌ ਗੁਣਾ ਫ਼ਸਲ ਆਈ।

- ਵਿਸ਼ਵਾਸਯੋਗ ਲੋਕਾਂ ਦੇ ਕੋਲ ਕਠੋਰ ਹਿਰਦਾ ਨਹੀਂ ਹੁੰਦਾ ਜੋ ਪਰਮੇਸ਼ਰ ਦੇ ਵਚਨ ਨੂੰ ਨਕਾਰ  ਦਿਓ।
- ਜਦੋਂ ਓਹਨਾਂ ਤੇ ਕਸ਼ਟਜਾਂ ਔਖਾ ਸਮਾਂ ਆਉਂਦਾ ਹੈ ਤਾਂ ਵਿਸ਼ਵਾਸਯੋਗ ਲੋਕ ਪਿਛੇ ਨਹੀ ਹਟਦੇ।
- ਵਿਸ਼ਵਾਸਯੋਗ ਲੋਕ ਇਸ ਸੰਸਾਰ ਦੀ ਚਿੰਤਾਵਾਂ ਜਾਂ ਲਾਲਸਾਵਾਂਨਾਲ ਆਪਣਾ ਧਿਆਨ ਨਹੀ ਭਟਕਾਂਦੇ।
- ਵਿਸ਼ਵਾਸਯੋਗ ਲੋਕ ਗਿਰਾਸੇਨੀਆਂ ਦੇ ਦੇਸ਼ ਵਿਚੋਂ ਦੁਸ਼ਟਾਤਮਾ ਤੋਂ ਘਿਰੇ ਓਸ ਮਨੁਖ ਦੇ ਵਾਂਗ ਹਨ ਜਿਸਨੇ ਯਿਸੂ ਦੇ ਵਿਖਾਏ ਨੂੰ ਮਨਿਆ ਤੇ ਵੰਡਿਆ।

ਇਕ ਵਿਸ਼ਵਾਸਯੋਗ ਮਨੁਖ ਜਿਸਨੇ ਆਗਿਆ ਨੂੰ ਮਨਿਆ ਤੇ ਵੰਡਿਆ ਉਸਨੇ ਬਹੁਤ ਸਾਰੇ ਲੋਕਾਂ ਨੂੰ ਪੈਦਾ ਕੀਤਾ ਜੋ ਯਿਸੂ ਨੂੰ ਹੋਰਜ਼ਿਆਦਾ ਜਾਣਨਾ ਚਾਹੁੰਦੇਹਨ।

ਆਪਣੀਅਖਾਂ ਖੋਲ ਕੇ ਇਹ ਵੇਖਣ ਤੇ ਕਿ ਰਾਜ ਕਿਥੇ ਨਹੀ ਹੈ ਤੇ ਜਿਨਾਂ ਨੂੰ ਅਸੀਂ ਜਾਣਦੇ ਹਾ ਓਹਨਾਂ ਦੇ ਜ਼ਰੀਏ ਅਨਜਾਣ। ਲੋਕਾਂ ਤਕ ਪਹੁੰਚਣ ਨਾਲ ਚੇਲੇ ਵਧਦੇ ਹਨ ਅਤੇ ਪਰਮੇਸ਼ਰ ਦਾ ਰਾਜ ਤੇਜ਼ੀ ਨਾਲ ਦੂਰ ਤਕ ਫੈਲਦਾ ਹੈ ।

---

## ਚਰਚਾ ਕਰੋ

**(10 ਮਿੰਟ)**

- ਕਿਹੜੇ ਲੋਕਾਂ ਨਾਲ ਵੰਡਣ ਲਈ ਤੁਸੀਂ ਜ਼ਿਆਦਾ ਅਰਾਮਦਾਇਕ ਹੋ -- ਲੋਕ ਜਿੰਨਾ ਨੂੰ ਤੁਸੀਂ ਪਹਿਲਾਂ ਜਾਣਦੇ ਹੋ ਜਾਂ ਲੋਕ ਜਿੰਨਾ ਨੂੰ ਤੁਸੀਂ ਅਜੇ ਤੱਕ, ਮਿਲੇ ਨਹੀਂ ਹੋ?
- ਤੁਹਾਡੇ ਅਨੁਸਾਰ ਉਹ ਕਿਉਂ ਹੈ?
- ਜਿੰਨਾ ਲੋਕਾਂ ਨਾਲ ਤੁਸੀਂ ਜ਼ਿਆਦਾ ਅਰਾਮਦਾਇਕ ਨਹੀਂ ਹੋ ਉਨ੍ਹਾਂ ਨਾਲ ਵੰਡਣ ਲਈ ਤੁਸੀਂ ਕਿਵੇਂ ਉੱਤਮ ਹੋ ਸਕਦੇ ਹੋ?

---

## ਪੜ੍ਹੋ

**(5 ਮਿੰਟ)**

**ਪ੍ਰਭੁਭੋਜ**

ਯਿਸੂ ਨੇ ਕਿਹਾ – *ਓਹ ਜਿਓਂਦੀ ਰੋਟੀ ਜੋ ਸੁਰਗੋਂ ਉਤਰੀ ਸੋ ਮੈ ਹਾਂ ਜੇ ਕੋਈ ਇਸ ਰੋਟੀਓਂ ਕੁਝ ਖਾਵੇ ਤਾਂ ਓਹ ਸਦਾ ਤੀਕੁ ਜਿਓਂਦਾ ਰਹੇਗਾ ਅਤੇ ਜੋ ਰੋਟੀ ਮੈ ਦਿਆਂਗਾ ਸੋ ਮੇਰਾ ਮਾਸ ਹੈ ਜਿਹੜਾ ਜਗਤ ਦੇ ਜਿਓਣ ਲਈ ਮੈ ਦਿਆਂਗਾ।*

ਪਵਿੱਤਰ ਭੋਜ ਜਾਂ "ਪਰਮੇਸ਼ਰ ਦਾ ਭੋਜਨ" ਸਾਡਾ ਯਿਸੂ ਨਾਲ ਅੰਦਰੂਣੀ ਜੁੜਾ ਤੇ ਸਬੰਧ ਦੇ ਜਸ਼ਨ ਦਾ ਇਕ ਤਰੀਕ਼ਾ ਹੈ।

ਜਸ਼ਨ ਮਨਾਣ ਦਾ ਇਕ ਅਸਾਨ ਤਰੀਕ਼ਾ ਇਹ ਹੈ –

ਜਦੋਂ ਤੁਸੀਂ ਯਿਸੂ ਦੇ ਚੇਲੇ ਦੇ ਰੂਪ ਵਿੱਚ ਇਕਠੇ ਹੁੰਦੇ ਹੋ, ਸ਼ਾਂਤੀ ਧਿਆਨ ਵਿੱਚ ਸਮਾਂ ਬਤੀਤ ਕਰੋ , ਚੁਪਚਾਪ ਵਿਚਾਰ ਕਰੋ ਅਤੇ ਆਪਣੇ ਪਾਪਾਂ ਨੂੰ ਸਵੀਕਾਰ ਕਰੋ।

ਕਿਸੇ ਨੂੰ ਪੋਥੀ ਤੋਂ ਇਸ ਅਧਿਆ ਨੂੰ ਪੜਣ ਲਈ ਕਹੋ: *"ਮੈ ਤਾਂ ਇਹ ਗੱਲ ਪ੍ਰਭੁ ਤੋਂ ਪਾਈ ਸੀ, ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੁ ਯਿਸੂ ਨੇ ਜਿਸ ਰਾਤ ਓਹ ਫੜਵਾਇਆ ਗਿਆ ਸੀ ਰੋਟੀ ਲਈ, ਅਤੇ ਸ਼ੁਕਰ ਕਰਕੇ ਤੋੜੀ ਅਤੇ ਕਿਹਾ, "ਇਹ ਮੇਰਾ ਸਰੀਰਹੈ ਜੋ ਤੁਹਾਡੇ ਲਈ ਹੈ, ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।" (1 ਕੁਰਿੰਥਿਓ–ਅਧਿਆ 11:23-24)*

ਓਹ ਰੋਟੀਕਡੋ ਜੋ ਤੁਸੀਂ ਆਪਣੇ ਤੇ ਦੱਲ ਦੇ ਖਾਣਲਈ ਅਲਗ ਤੋਂ ਰਖੀ ਸੀ।

ਪੜਨਾ ਜਾਰੀ ਰਖੋ – *"ਇਸੇਤਰਾਂ ਉਸਨੇ ਭੋਜਨ ਖਾਣ ਦੇਪਿੱਛੋਂਪਿਆਲਾ ਭੀ ਲਿਆ ਅਤੇ ਕਿਹਾ ਜੋ ਇਹ ਪਿਆਲਾ ਮੇਰੇ ਲਹੂ ਵਿੱਚ ਨਵਾਂ ਨੇਮ ਹੈ। ਜਦ ਕਦੇ ਤੁਸੀਂ ਇਹਨੂੰ ਪੀਵੋ ਤਾਂ ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।" (1 ਕੁਰਿੰਥੀਆਂ ਨੂੰ 11 :25)*

ਰਸ ਜਾਂ ਵਾਈਨ ਵੰਡੋ ਜੋ ਤੁਸੀਂ ਆਪਣੇ ਅਤੇ ਆਪਣੇ ਦੱਲ ਦੇ ਪੀਣ ਲਈ ਅਲਗ ਤੋਂ ਰਖੀ ਸੀ।

ਪੜਨਾ ਸਮਾਪਤ ਕਰੋ – *ਕਿਓਂਕੀ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ। (1 ਕੁਰਿੰਥੀਆਂ ਨੂੰ 11 -26 )*

ਤੁਸੀਂ ਪਰਮੇਸ਼ਰ ਦਾ ਭੋਜਨ ਵੰਡ ਲਿਆ।

ਪ੍ਰਾਰਥਨਾ ਕਰਕੇ ਜਾਂ ਗਾਣਾ ਗਾ ਕੇ ਜਸ਼ਨ ਮਨਾਓ – ਤੁਸੀਂ ਉਨਾਂ ਦੇ ਹੋ ਅਤੇ ਓਹ ਤੁਹਾਡੇ ਹਨ।

ਪਰਮੇਸ਼ਰ ਦਾ ਭੋਜਨ – ਪਹਿਲੇਕਲੁਸੀਏ ਦਾ ਇਕ ਪਵਿੱਤਰ ਪਰਸਾਦ ਅਤੇ ਜ਼ੁਮੇ ਟੂਲਕਿਟਦਾ ਇਕ ਜ਼ਰੂਰੀ ਭਾਗ ਹੈ।

## ਕਿਰਿਆ

**(10 ਮਿੰਟ)**

**ਪ੍ਰਭੂ ਭੋਜ ਦਾ ਜਸ਼ਨ ਮਨਾਉ**

- ਅਗਲੇ 10 ਮਿੰਟ ਆਪਣੇ ਸਮੂਹ ਨਾਲ ਪ੍ਰਭੂ ਭੋਜ ਦਾ ਜਸ਼ਨ ਮਨਾਉਂਦੇ ਹੋਏ ਬਿਤਾਉ।

**ਜਦੋਂ ਤੁਸੀਂ ਯਿਸੂ ਦੇ ਦੇ ਚੇਲਿਆਂ ਨੂੰ ਇਕੱਠੇ ਕਰਦੇ ਹੋ :**

1. ਸ਼ਾਂਤ ਮਨਨ ਵਿੱਚ, ਚੁੱਪਚਾਪ ਆਪਣੇ ਪਾਪਾਂ ਦਾ ਇਕਰਾਰ ਕਰਦੇ ਹੋਏ ਸਮਾਂ ਖਰਚ ਕਰੋ।
2. ਜਦੋਂ ਤੁਸੀਂ ਤਿਆਰ ਹੋ ਜਾਂਦੇ, ਕਿਸੇ ਨੂੰ ਪਵਿੱਤਰ ਸ਼ਾਸਤਰ ਤੋਂ ਇਨ੍ਹਾਂ ਭਾਗਾਂ ਨੂੰ ਪੜ੍ਹਨ ਲਈ ਕਹੋ — "ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਯਿਸੂ ਨੇ ਜਿਸ ਰਾਤ ਉਹ ਫੜਵਾਇਆ ਗਿਆ ਸੀ ਰੋਟੀ ਲਈ। ਅਤੇ ਸ਼ੁਕਰ ਕਰ ਕੇ ਤੋੜੀ ਅਤੇ ਕਿਹਾ, ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਹੈ। ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।" ੧ ਕੁਰਿੰਥੀਆਂ ੧੧:੨੩-੨੪
3. ਉਸ ਰੋਟੀ ਨੂੰ ਦਿਓ ਜਿਹੜੀ ਕਿ ਤੁਸੀਂ ਆਪਣੇ ਸਮੂਹ ਲਈ ਅਲੱਗ ਰੱਖੀ ਹੋਈ ਹੈ।
4. ਅੱਗੇ ਪੜ੍ਹਨਾ ਜਾਰੀ ਰੱਖੋ — "ਇਸੇ ਤਰਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਭੀ ਲਿਆ ਅਤੇ ਕਿਹਾ ਜੋ ਇਹ ਪਿਆਲਾ ਮੇਰੇ ਲਹੂ ਵਿੱਚ ਨਵਾਂ ਨੇਮ ਹੈ। ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ ਯਾਦਗੀਰੀ ਲਈ ਇਹ ਕਰਿਆ ਕਰੋ।" ੧ ਕੁਰਿੰਥੀਆਂ ੧੧:੨੫
5. ਜੋ ਮੈ ਜਾਂ ਜੂਸ ਤੁਸੀਂ ਆਪਣੇ ਸਮੂਹ ਲਈ ਅੱਡ ਰੱਖਿਆ ਸੀ ਉਸ ਨੂੰ ਵੰਡੋ, ਅਤੇ ਪੀਓ।
6. ਇਸ ਵਚਨ ਨਾਲ ਸਮਾਪਤ ਕਰੋ — "ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ।"੧ ਕੁਰਿੰਥੀਆਂ ੧੧:੨੬

**ਪ੍ਰਾਰਥਨਾ ਜਾਂ ਭਜਨ ਗਾਉਣ ਨਾਲ ਜਸ਼ਨ ਮਨਾਓ। ਤੁਸੀਂ ਪ੍ਰਭੂ ਭੋਜ ਦੇ ਵਿੱਚ ਹਿੱਸਾ ਲਿਆ ਹੈ। ਤੁਸੀਂ ਉਸ ਦੇ ਹੋ, ਅਤੇ ਉਹ ਤੁਹਾਡਾ ਹੈ!**

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ ਸੁਣੇ ਗਏ ਸਿਧਾਂਤ:**

- ਦਰਸ਼ਣ ਭਰਨਾ ਅਤੇ ਮਹਾਨ ਬਰਕਤ
- ਡਕਲਿੰਗ ਚੇਲਾਪਣ
- ਜਿੱਥੇ ਰਾਜ ਨਹੀਂ ਹੈ ਨੂੰ ਵੇਖਣ ਲਈ ਅੱਖਾਂ

**ਇਸ ਸੈਸ਼ਨ ਵਿੱਚ ਸੁਣੇ ਗਏ ਸਾਧਨ:**

- ਤਿੰਨ ਮਿੰਟ ਦੀ ਗਵਾਹੀ
- ਪ੍ਰਭੂਭੋਜ

# ਵਿਸਤ੍ਰਿਤ ਸੈਸ਼ਨ 3

---

## ਚੈਕਇੰਨ

**(1 ਮਿੰਟ)**

ਸਾਰੇ ਭਾਗ ਲੈਣ ਵਾਲਿਆਂ ਅਤੇ ਫੈਸਿਲੀਟੇਟਰ ਨੂੰ ਚੈਕਇੰਨ ਕਰੋ।

ਜਾਂ zume.training/checkin ਅਤੇ ਕੋਡ ਦੀ ਵਰਤੋਂ ਕਰੋ: **3455**

---

## ਪ੍ਰਾਰਥਨਾ ਕਰੋ

**(5 ਮਿੰਟ)**

ਪ੍ਰਾਰਥਨਾ ਕਰੋ ਅਤੇ ਉਨ੍ਹਾਂ ਢੰਗਾਂ ਲਈ ਪਰਮੇਸ਼ੁਰ ਦਾ ਧੰਨਵਾਦ ਕਰੋ ਜਿੰਨਾ ਵਿੱਚ ਉਹ ਉਸ ਦੇ ਲੋਕਾਂ ਦੀ ਗਵਾਹੀ ਰਾਹੀਂ ਕੰਮ ਕਰਦਾ ਹੈ। ਉਸ ਦੇ ਪਵਿੱਤਰ ਆਤਮਾ ਨੂੰ ਤੁਹਾਡੇ ਇਕੱਠੇ ਹੋਣ ਦੇ ਸਮੇਂ ਵਿੱਚ ਅਗਵਾਈ ਕਰਨ ਲਈ ਕਹੋ।

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ, ਅਸੀਂ ਇਸ ਸਿਧਾਂਤ ਨੂੰ ਸੁਣਾਂਗੇ ਅਤੇ ਚਰਚਾ ਕਰਾਂਗੇ:**

- ਸ਼ਾਂਤੀ ਦਾ ਪੁੱਤਰਸ਼ਾਂਤੀ ਦਾ ਮਨੁੱਖ

**ਅਤੇ ਅਸੀਂ ਸਾਡੀ ਟੂਲਕਿੱਟ ਵਿੱਚ ਇਨ੍ਹਾਂ ਸਾਧਨਾਂ ਨੂੰ ਸ਼ਾਮਲ ਕਰਾਂਗੇ:**

- B.L.E.S.S. ਪ੍ਰਾਰਥਨਾ
- ਪ੍ਰਾਰਥਨਾ ਯਾਤਰਾ

---

## ਪੜ੍ਹੋ

**(5 ਮਿੰਟ)**

**ਪ੍ਰਾਰਥਨਾ ਯਾਤਰਾ**

ਪਰਮੇਸ਼ਰ ਦੇ ਉਪਦੇਸ਼ ਆਖਦੇ ਹਨ ਕਿ ਸਾਨੂੰ "ਪਟੀਸ਼ਨ ਪ੍ਰਾਰਥਨਾ" ਕਰਨੀ ਚਾਹੀਦੀ ਹੈ, ਰਖਿਆ ਦੇ ਲਈ ਅਤੇ ਸਾਰੇ ਲੋਕਾਂ ਦਾ ਧੰਨਵਾਦ ਕਰਨਾ ਚਾਹਿਦਾ ਹੈ, ਰਾਜਾਵਾਂ ਦੇ ਲਈ ਅਤੇ ਓਨਾਂ ਸਾਰੇ ਅਧਿਕਾਰੀਆਂ ਦਾ – ਜਿਸ ਨਾਲ ਅਸੀਂ ਪੂਰੀ ਤਰਾਂ ਤੋਂ ਧਾਰਮਿਕਤਾ ਅਤੇ ਪਵਿੱਤਰਤਾ ਵਿੱਚ ਸ਼ਾਂਤੀਪੂਰਣ ਅਤੇਸੰਪੂਰਣ ਜੀਵਨ ਜੀ ਸਕੀਏ .ਇਹ ਚੰਗਾ ਹੈ, ਅਤੇ ਸਾਡੇ ਉਧਾਰਕ।

ਪਰਮੇਸ਼ਰ ਨੂੰ ਪਰਸੰਨ ਕਰਦਾ ਹੈ, ਜੋ ਚਾਹੁੰਦੇ ਹਨ ਕਿ ਸਾਰੇ ਲੋਕ ਸੁਰਖਿਅਤ ਰਹਿਣ ਅਤੇ ਸਚਾਈ ਦੇ ਗਿਆਨ ਨੂੰ ਸਮਝਣ। ਪ੍ਰਾਰਥਨਾ ਕਰਦੇ ਰਹਿਣਾ ਇਕ ਅਸਾਨ ਤਰੀਕ਼ਾ ਹੈ ਦੂਜਿਆਂ ਦੇ ਲਈ ਪ੍ਰਾਰਥਨਾ ਦੇ ਆਦੇਸ਼ਾਂ ਦਾ ਪਾਲਨ ਕਰਨ ਦੇ ਲਈ। ਘੁੱਮਕੇਪ੍ਰਾਰਥਨਾ ਕਰਨ ਦਾ ਅਰ੍ਥ ਬੇਲ੍ਕੁਲ ਇਸਦੇ ਨਾਂ ਵਰਗਾ ਹੀ ਹੈ। ਆਸੇਪਾਸੇ ਘੁੱਮਦੇ ਹੋਏ ਪਰਮੇਸ਼ਰ ਤੋਂ ਪ੍ਰਾਰਥਨਾ ਕਰਨਾ।

ਬਜਾਏ ਆਪਣੀ ਅਖਾਂ ਬੰਦ ਕਰਕੇ ਤੇ ਆਪਣਾ ਸਿਰ ਨੀਵਾਂ ਕਰਨ ਦੇ, ਅਸੀਂ ਆਪਣੀਆਂ ਅਖਾਂ ਖੁਲਿਆਂ ਰਖਣੀਆਂ ਹਨ ਤਾਂ ਜੋ ਆਪਣੇ ਆਲੇ ਦੁਆਲੇ ਵੇਖ ਸਕੀਏ ਤੇ ਆਪਣੇ ਹਿਰਦੇ ਨੂੰ ਝੁਕਾ ਕੇ ਨਰਮਾਈ ਨਾਲ ਪਰਮੇਸ਼ਰ ਦੀ ਦਖ਼ਲਅੰਦਾਜੀ ਦੇ ਲਈ ਕਹਿਣਾ ਹੈ। ਤੁਸੀਂ ਦੋ ਜਾਂ ਤਿੰਨ ਛੋਟੇ ਸਮੂਹਾਂ ਚ ਘੁੱਮਕੇ ਪ੍ਰਾਰਥਨਾ ਕਰ ਸਕਦੇ ਹੋ ਜਾਂ ਤੁਸੀਂ ਖੁਦ ਵੀ ਘੁੱਮਕੇ ਪ੍ਰਾਰਥਨਾ ਕਰ ਸਕਦੇ ਹੋ।

ਜੇ ਤੁਸੀਂ ਇਕ ਸਮੂਹ ਵਿੱਚ ਜਾਂਦੇ ਹੋ – ਕੋਸ਼ਿਸਕਰੋ ਕਿ ਹਰ ਕੋਈ ਜ਼ੋਰ ਨਾਲ ਪ੍ਰਾਰਥਨਾ ਕਰੇ, ਪਰਮੇਸ਼ਰ ਨਾਲ ਗੱਲਬਾਤ ਕਰੇ ਕਿ ਹਰ ਕੋਈ ਕੀ ਵੇਖ ਤੇ ਮਹਿਸੂਸ ਕਰ ਰਿਹਾ ਹੈ ਜੋ ਪਰਮੇਸ਼ਰ ਓਨਾਂ ਦੇ ਹਿਰਦੇ ਵਿੱਚ ਲਿਆਂਦੇ ਹਨ।

ਜੇ ਤੁਸੀਂ ਖ਼ੁਦ ਜਾਂਦੇ ਹੋ – ਚੁੱਪਚਾਪ ਪ੍ਰਾਰਥਨਾ ਕਰੋ ਜਾਂ ਜੇ ਓਸ ਦੌਰਾਨ ਕਿਸੇ ਨੂੰ ਮਿਲਦੇ ਹੋ ਤਾਂ ਜ਼ੋਰ ਨਾਲ ਕਰੋ।

ਇਨਾਂ ਚਾਰ ਤਰੀਕਿਆਂ ਨਾਲ ਤੁਸੀਂ ਜਾਣ ਸਕਦੇ ਹੋ ਕਿ ਘੁੱਮਦੇ ਹੋਏ ਪ੍ਰਾਰਥਨਾ ਕਰਨ ਦੇ ਦੌਰਾਨ ਕੀ ਪ੍ਰਾਰਥਨਾ ਕਰਨੀ ਚਾਹੀਦੀ ਹੈ :

- ਓਬਸ੍ਰੈਸ੍ਰਨ : ਤੁਸੀਂ ਕਿ ਵੇਖਦੇ ਹੋ ? ਜੇ ਤੁਸੀਂ ਕਿਸੇ ਮੈਦਾਨ ਵਿੱਚ ਕੋਈ ਖਿਡੌਣਾ ਵੇਖਦੇ ਹੋ ਤਾਂ ਤੁਸੀਂ ਪੜੋਸੀ ਦੇ ਬੱਚੇ ਲਈ ਪ੍ਰਾਰਥਨਾ ਕਰਨ ਦੇ ਲਈ ਪ੍ਰੋਤਸ਼ਾਹਤ ਹੋ ਸਕਦੇ ਹੋ, ਜਾਂ ਪਰਵਾਰ ਦੇ ਲਈ ਜਾਂ ਓਸ ਥਾਂ ਦੇ ਸਕੂਲਾਂ ਦੇ ਲਈ।
- ਰਿਸਰਚ : ਤੁਸੀਂ ਕੀ ਜਾਣਦੇ ਹੋ ਜੇ ਤੁਸੀਂ ਆਪਣੇ ਪੜੋਸੀ ਦੇ ਬਾਰੇ ਚ ਪੜ੍ਹੋ, ਤਾਂ ਤੁਸੀਂ ਓਥੇ ਰਹਿਣ ਵਾਲੇ ਲੋਕਾਂ ਦੇ ਬਾਰੇ ਚ ਕੁਝ ਜਾਣ ਸਕਦੇ ਹੋ, ਜਾਂ ਇਹ ਕਿ ਓਹ ਥਾਂ ਕਿਸੇ ਅਪਰਾਧ ਜਾਂ ਅਨਿਆ ਤੋਂ ਪੀੜਤ ਹੈ। ਇਨਾਂ ਚੀਜ਼ਾ ਬਾਰੇ ਪ੍ਰਾਰਥਨਾ ਕਰੋ ਤੇ ਪਰਮੇਸ਼ਰ ਨੂੰ ਕੰਮ ਕਰਨ ਲਈ ਕਹੋ।
- ਰਿਵੇਲੇਸ਼ਨ : ਪਵਿੱਤਰ ਆਤਮਾ ਸ਼ੈਦ ਤੁਹਾਡੇ ਹਿਰਦੇ ਨੂੰ ਹਲਕਾ ਜਿਹਾ ਧੱਕਾ ਦੇਵੇ ਜਾਂ ਤੁਹਾਡੇ ਦਿਮਾਗ ਵਿੱਚ ਕੋਈ ਵਿਚਾਰ ਲਿਆਵੇ ਕਿਸੇ ਖ਼ਾਸ ਜ਼ਰੂਰਤ ਦੇ ਲਈ ਜਾਂ ਓਸ ਥਾਂ ਦੀ ਪ੍ਰਾਰਥਨਾ ਕਰਨ ਦੇ ਲਈ। ਸੁਣੋ- ਅਤੇ ਪ੍ਰਾਰਥਨਾ ਕਰੋ।
- ਸ੍ਕ੍ਰਿਪ੍ਰਰ : ਹੋ ਸਕਦਾ ਹੈ ਤੁਸੀਂ ਪਰਮੇਸ਼ਰ ਦੇ ਵਚਨਾਂ ਦੇ ਅੰਸ਼ ਨੂੰ ਪੜ੍ਹੋ ਜਦੋਂ ਤੁਸੀਂ ਘੁੱਮ ਰਹੇ ਹੋਵੋ ਜਾਂ ਜਿਵੇਂ ਹੀ ਤੁਸੀਂ ਘੁੱਮੋ। ਪਵਿੱਤਰ ਆਤਮਾ ਤੁਹਾਡੇ ਵਿਚਾਰਾਂ ਵਿੱਚ ਇਕ ਪੋਥੀ ਲਿਆਵੇ। ਓਸ ਅਧਿਆ ਦੇ ਬਾਰੇ ਚ ਪ੍ਰਾਰਥਨਾਂ ਕਰੋ ਅਤੇ ਹੋ ਸਕਦਾ ਹੈ ਇਸ ਨਾਲ ਓਸ ਥਾਂ ਦੇ ਲੋਕਾਂ ਤੇ ਇਸਦਾ ਪਰਭਾ ਪਵੇ।

ਏਥੇ ਪਰਭਾ ਪਾਉਣ ਦੇ ਪੰਜ ਸਥਾਨ ਹਨ ਜਿਨਾਂ ਤੇ ਤੁਸੀਂ ਆਪਣੀ ਘੁੱਮ ਕੇ ਪ੍ਰਾਰਥਨਾਂ ਕਰਨ ਦੇ ਦੌਰਾਨ ਧਿਆਨ ਦੇ ਸਕਦੇ ਹੋ।

- ਸਰਕਾਰ: ਸਰਕਾਰੀ ਕੇਂਦਰਾਂ ਨੂੰ ਲਭੋ ਤੇ ਓਨਾਂ ਵਿੱਚ ਪ੍ਰਾਰਥਨਾ ਕਰੋ ਜਿਵੇਂ ਕਿ ਅਦਾਲਤਾਂ, ਅਯੋਗ ਸਦਨ ਜਾਂ ਕਨੂੰਨ ਸੰਸਥਾਪਕ ਅਦਾਰਿਆਂ ਵਿੱਚ ਓਸ ਥਾਂ ਦੀ ਸੁਰਖਿਆ, ਨਿਆ ਤੇ ਓਨਾਂ ਦੇ ਆਗੂਆਂ ਦੇ ਧਾਰਮਕ ਸਿਆਣਪ ਲਈ ਪ੍ਰਾਰਥਨਾ ਕਰੋ।
- ਬਿਓਪਾਰ ਅਤੇ ਲੇਖਾ ਜੋਖਾ – ਵਪਾਰਕ ਕੇਂਦਰਾਂ ਨੂੰ ਲਭੋ ਅਤੇ ਓਨਾਂ ਵਿੱਚ ਪ੍ਰਾਰਥਨਾ ਕਰੋ ਜਿਵੇਂ ਕਿ ਵਿੱਤੀ ਜ਼ਿਲੇ ਜਾਂਬਜ਼ਾਰ ਖੇਤਰਾਂ ਵਿੱਚ ਓਨਾਂ ਦੇ ਸਹੀ ਖ਼ਰਚ ਅਤੇ ਚੰਗੇ ਪਰਬੰਧਦੇ ਲਈ. ਪ੍ਰਾਰਥਨਾ ਕਰੋ ਆਰਥਕ ਨਿਆ ਅਤੇ ਚੰਗੇ ਮੌਕਿਆਂ ਤੇ ਉਦ੍ਧਾਰ ਤੇ ਧਾਰਮਕ ਦਾਤਾਵਾਂ ਦੇ ਲਈ ਜੋ ਫਾਇਦੇ ਤੋਂ ਪਹਿਲਾਂ ਬੰਦੇ ਬਾਰੇ ਸੋਚਦੇ ਹਨ।
- ਸਿਖਿਆ: ਸਿਖਿਆ ਕੇਂਦਰਾਂ ਨੂੰ ਲਭੋ ਅਤੇ ਉਨਾਂ ਵਿੱਚ ਪ੍ਰਾਰਥਨਾ ਕਰੋ ਜਿਵੇਂ ਕਿ ਸਕੂਲ ਅਤੇ ਸਰਕਾਰੀ ਦਫ਼ਤਰ, ਸਿਖਲਾਈ ਕੇਂਦਰ, ਕਾਲਿਜ ਅਤੇ ਯੁਨੀਵਰਸਿਟੀਸ। ਪ੍ਰਾਰਥਨਾ ਕਰੋ ਨਿਆ ਪਸੰਦ ਸਿਖਿਅਕਾਂ ਦੇ ਲਈ ਕਿ ਓਹ ਪਰਮੇਸ਼ਰ ਦੇ ਸੱਚ ਨੂੰਪੜ੍ਹਾਣ ਅਤੇ ਆਪਣੇ

ਸਿਖਿਆਰਥੀਆਂ ਦੇ ਵਿਚਾਰਾਂ ਦੀ ਰਖਿਆ ਕਰਨ। ਪ੍ਰਾਰਥਨਾ ਕਰੋ ਕਿ ਪਰਮੇਸ਼ਰ ਝੂਠ ਅਤੇ ਦੁਵਿਧਾ ਨੂੰ ਪ੍ਰੋਤ੍ਸ਼ਾਹਤ ਕਰਨ ਵਾਲੇ ਹਰੇਕ ਪਰਯਾਸ ਵਿੱਚ ਦਖਲ ਦੇਣ ਤੇ ਇਨਾਂ ਸਾਰੀਆਂ ਥਾਵਾਂ ਤੋਂ ਬੁਧੀਮਾਨ ਨਾਗਰਕ ਨਿਕਲਣਗੇ ਜਿਨਾਂਕੋਲ ਸੇਵਾ ਅਤੇ ਅਗਵਾਈ ਕਰਨ ਦੇ ਲਈ ਇਕ ਹਿਰਦਾ ਹੋਵੇ।

- ਸਮਪਰਕ : ਸੰਚਾਰ ਕੇਂਦਰਾਂ ਨੂੰ ਲਭੋ ਅਤੇ ਓਨਾਂ ਵਿੱਚ ਪ੍ਰਾਰਥਨਾ ਕਰੋ ਜਿਵੇਂ ਰੇਡੀਓ ਸ੍ਰੇਸ਼ਨ, ਟੇਲੀਵਿਜਨ ਅਤੇ ਅਖ਼ਬਾਰ। ਪ੍ਰਾਰਥਨਾ ਕਰੋ ਪਰਮੇਸ਼ਰ ਦੇ ਉਪਦੇਸ਼ਾਂ ਅਤੇ ਓਨਾਂ ਦੇ ਚੇਲਿਆਂ ਦੀ ਗਵਾਹਿਆਂ ਦੇ ਲਈ ਕਿ ਓਨਾਂ ਦਾ ਸ਼ਹਿਰ ਅਤੇ ਦੁਨਿਆਂ ਭਰ ਵਿੱਚ ਪਰਸਾਰ ਹੋਵੇ, ਕਿਓਨਾਂ ਦਾ ਸੁਨੇਹਾ ਓਨਾਂ ਦੇ ਜ਼ਰੀਏ ਲੋਕਾਂ ਤਕ ਪਹੁੰਚੇ ਤਾਂ ਜੋ ਹਰੇਕ ਥਾਂ ਤੇ ਲੋਕੀ ਪਰਮੇਸ਼ਰ ਦੇ ਕਾਰਜ ਨੂੰ ਦੇਖਣਗੇ।
- ਅਧਿਆਤਮਕਤਾ: ਧਾਰਮਕ ਕੇਂਦਰਾਂ ਨੂੰ ਲਭੋ ਤੇ ਓਨਾਂ ਵਿੱਚ ਪ੍ਰਾਰਥਨਾ ਕਰੋ ਜਿਵੇਂ ਗਿਰਜਾ ਭਵਨ, ਮਸਜਿਦ ਜਾਂ ਮੰਦਰ ਵਿੱਚ ਕਿ ਹਰੇਕ ਧਾਰਮਕ ਸਾਧਕ ਯਿਸੂ ਵਿੱਚ ਸ਼ਾਂਤੀ ਤੇ ਸੁਖ ਨੂੰ ਪਰਾਪਤ ਕਰਨ ਅਤੇ ਕਿਸੇ ਵੀ ਝੂਠੇ ਧਰਮ ਦੇ ਜ਼ਰੀਏ ਦੁਵਿਧਾ ਜਾਂ ਡਾਵਾਂਡੋਲ ਦੀ ਸਥਿਤੀ ਵਿੱਚ ਨਾ ਹੋਣ।

ਅਖੀਰ ਵਿੱਚ, ਇਹ ਹਨ ਪੰਜ ਤਰੀਕ਼ੇ ਜਿਸ ਨਾਲ ਤੁਸੀਂ ਮਨੁਖਾਂ ਲਈ ਪ੍ਰਾਰਥਨਾ ਕਰ ਸਕਦੇ ਹੋ ਜਿਨਾਂ ਨੂੰ ਤੁਸੀਂ ਘੁੱਮਦੇ ਹੋਏ ਪ੍ਰਾਰਥਨਾ ਕਰਦੇ ਸਮੇਂ ਮਿਲਦੇ ਹੋ :

ਜਦੋਂ ਤੁਸੀਂ ਘੁਮਦੇ ਹੋ ਅਤੇ ਪ੍ਰਾਰਥਨਾ ਕਰਦੇ ਹੋ, ਤਾਂ ਚੰਗੇ ਮੌਕਿਆਂ ਦੇ ਲਈ ਤਿਆਰ ਰਹੋ ਤੇ ਪਰਮੇਸ਼ਰ ਦੀ ਆਤਮਾ ਤੋਂ ਸੁਣੋ ਤੁਹਾਨੂੰ ਮਿਲਣ ਵਾਲੇ ਕਿਸੇ ਮਨੁਖ ਤੇ ਸਮੂਹ ਲਈ ਪ੍ਰਾਰਥਨਾ ਕਰਨ ਬਾਰੇ। ਓਸੇ ਵੇਲੇ। ਤੁਸੀਂ ਕਹਿ ਸਕਦੇ ਹੋ, "ਅਸੀਂ ਇਸ ਕੌਮ ਲਈ ਪ੍ਰਾਰਥਨਾ ਕਰ ਰਹੇ ਹਾਂ, ਕਿ ਇਸ ਵਿੱਚ ਕੋਈ ਖ਼ਾਸ ਮੁਦ੍ਦਾ ਹੈ ਜਿਸਦੇ ਲਈ ਅਸੀਂ ਤੁਹਾਡੇ ਬਾਰੇ ਚ ਪ੍ਰਾਰਥਨਾ ਕਰ ਸਕੀਏ।" ਜਾਂ ਕਹੋ, "ਮੈ ਇਸ ਥਾਂ ਦੇ ਲਈ ਪ੍ਰਾਰਥਨਾ ਕਰ ਰਿਹਾ ਹਾਂ। ਕੀ ਤੁਸੀਂ ਇਸਦੇ ਬਾਰੇ ਕੁਝ ਖ਼ਾਸ ਜਾਣਦੇ ਹੋ ਜਿਸਦੇ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ?" ਓਨਾਂ ਦਾ ਜਵਾਬ ਸੁਣਨ ਤੋਂ ਬਾਦ ਓਨਾਂ ਤੋਂ ਓਨਾਂ ਦੀ ਆਪਣੀ ਜ਼ਰੂਰਤਾਂ ਬਾਰੇ ਪੁਛ ਸਕਦੇ ਹੋ .ਜੇ ਓਹ ਦਸਦੇ ਹਨ, ਓਸੇ ਵੇਲੇ ਓਨਾਂ ਦੇ ਲਈ ਪ੍ਰਾਰਥਨਾਂ ਕਰੋ.ਜੇ ਪਰਮੇਸ਼ਰ ਅਗਵਾਈ ਕਰਦੇਹਨ, ਤੁਸੀਂਓਸੇ ਤਰਾਂ ਬਾਕੀ ਜ਼ਰੂਰਤਾਂ ਦੇ ਬਾਰੇ ਚ ਪ੍ਰਾਰਥਨਾ ਕਰੋ।

ਪ੍ਰਾਰਥਨਾ ਕਰਨ ਦੇ ਪੰਜ ਵੱਖ – ਵੱਖ ਤਰੀਕ਼ੇ ਯਾਦ ਰਖਣ ਦੇ ਲਈ BLESS ਸ਼ਬਦਦੀ ਵਰਤੋਂ ਕਰੋ :

- ਸਵਾਸਥ
- ਕਾਰਜ ਅਤੇ ਵਿੱਤ
- ਭਾਵਨਾਤਮਕ
- ਸਬੰਧ
- ਅਧਿਆਤਮਕਤਾ

ਜ਼ਿਆਦਾਤਰ ਮਾਮਲਿਆਂ ਵਿੱਚ ਲੋਕੀ ਆਭਾਰੀ ਹਨ ਕਿ ਤੁਸੀਂ ਪ੍ਰਾਰਥਨਾ ਕਰਨ ਵਿੱਚ ਪਰਯਾਪਤ ਧਿਆਨ ਰਖਦੇ ਹਨ।

ਜੇ ਕੋਈ ਮਨੁੱਖ ਇਸਾਈ ਨਹੀਂ ਹੈ, ਹੋ ਸਕਦਾ ਹੈ ਤੁਹਾਡੀ ਪ੍ਰਾਰਥਨਾ ਇਕ ਅਧਿਆਤਮਕ ਸੰਪਰਕਕਰਨਦਾ ਰਸਤਾ ਖੋਲ ਦੇਵੇ ਤੇ ਤੁਹਾਡੀ ਅਤੇ ਪਰਮੇਸ਼ਰ ਦੀ ਕਹਾਣੀ ਦੱਸਣ ਦਾ ਮੌਕਾ ਪਰਦਾਨ ਕਰੇ। ਤੁਸੀਂਓਨਾਂ ਨੂੰ ਬਾਈਬਲ ਅਧਿਅਨ ਦੇ ਲਈ ਸੱਦਾ ਦੇ ਸਕਦੇ ਹੋ ਜਾਂ ਓਨਾਂ ਵਿਚੋਂ ਕਿਸੇ ਦੇ ਘਰ ਵੀ ਜਾ ਸਕਦੇ ਹੋ।

ਜੇ ਮਨੁੱਖ ਕੋਈ ਇਸਾਈ ਹੈ ਤੁਸੀਂ ਓਨਾਂ ਨੂੰਘੁੱਮਦੇ ਹੋਏ ਪ੍ਰਾਰਥਨਾ ਵਿੱਚ ਸ਼ਾਮਲ ਹੋਣ ਲਈ ਕਹਿ ਸਕਦੇ ਹੋ ਜਾਂ ਓਨਾਂ ਨੂੰ ਇਹ ਸਿਖਾ ਸਕਦੇ ਹੋ ਕਿ ਕਿਵੇਂ ਓਹਘੁੱਮ ਕੇ ਪ੍ਰਾਰਥਨਾ ਕਰ ਸਕਦੇ ਹਨ ਅਸਾਨ ਤਰੀਕ਼ਿਆਂ ਦੇ ਨਾਲ। ਜਿਵੇਂ ਕਿ ਪਰਭਾ ਵਾਲੇ ਖੇਤਰਾਂ ਦੇ ਲਈ ਜਾਂ BLESS ਪ੍ਰਾਰਥਨਾ ਕਰ ਪਰਮੇਸ਼ਰ ਦੇ ਪਰਵਾਰ ਨੂੰ ਹੋਰ ਵੀ ਵੱਧ ਵਧਾਣਾ।

ਘੁੱਮ ਕੇ ਪ੍ਰਾਰਥਨਾ ਕਰਨਾ ਜ਼ੁਮੇ ਟੂਲਕਿਟਦਾ ਇਕ ਹੋਰ ਸੌਖਾ ਸਾਧਨ ਹੈ।

---

## ਪੜ੍ਹੋ

**(5 ਮਿੰਟ)**

**ਸ਼ਾਂਤੀ ਦਾ ਪੁੱਤਰਸ਼ਾਂਤੀ ਦਾ ਮਨੁੱਖ**

ਪਹਿਲਾਂ ਦੇ ਇੱਕ ਸੈਸ਼ਨ ਵਿੱਚ ਸ਼ਾਂਤੀ ਵਾਲਾ ਮਨੁੱਖ ਦਾ ਆਇਡਿਯਾ ਪੇਸ਼ ਕਿੱਤਾ ਸੀ। ਇਸ ਸੈਸ਼ਨ ਵਿੱਚ ਅਸੀਂ ਇਸ ਬਾਰੇ ਹੋਰ ਵਿਸਤਾਰ ਨਾਲ ਜਾਵਾਂਗੇ ਕਿ ਉਹ ਮਨੁੱਖ ਕੌਣ ਹੋ ਸਕਦਾ ਹੈ ਅਤੇ ਇਹ ਕਿਸ ਤਰਾਂ ਜਾਨਣਾ ਹੈ ਜਦ ਤੁਸੀਂ ਇਹ ਲੱਭ ਲੈਂਦੇ ਹੋ।

ਸ਼ਾਂਤੀ ਰੱਖਣ ਵਾਲਾ ਮਨੁੱਖ ਤੇਜ਼ੀ ਨਾਲ਼ ਚੇਲੇ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਜਿੱਥੇ ਯੀਸ਼ੂ ਦੇ ਚੇਲੇ ਥੋੜੇ ਅਤੇ ਬਹੁਤ ਗਿਣੇ ਚੁਣੇ ਹੋਣ।

ਜਦੋਂ ਯੀਸ਼ੂ ਨੇ ਅਪਣੇ ਚੇਲੇਯਾਂ ਨੂੰ ਚੇਲੇ ਬਣਾਉਣ ਲਈ ਨਵੇਂ ਖੇਤਰ ਵਿੱਚ ਭੇਜਿਆ, ਉਸ ਨੇ ਉਨ੍ਹਾਂ ਨੂੰ ਇੱਕ ਸਾਦਾ ਅਤੇ ਬਹੁਤ ਹੀ ਜ਼ਰੂਰੀ ਹੁਕਮ ਦਿੱਤਾ।

ਯੀਸ਼ੂ ਨੇ ਕਿਹਾ, "ਨਾ ਬਟੂਆ, ਨਾ ਝੋਲਾ, ਨਾ ਜੁੱਤੀਆਂ ਲਓ, ਨਾ ਰਸਤੇ ਵਿਚ ਕਿਸੇ ਨੂੰ ਪ੍ਰਣਾਮ ਕਰੋ। ਜਿਸ ਘਰ ਵਿੱਚ ਤੁਸੀਂ ਜਾਓ, ਪਹਿਲਾਂ ਆਖੋ ਬਈ "ਇਸ ਘਰ ਦੀ ਸ਼ਾਂਤੀ ਹੋਵੇ।" ਜੇ ਸ਼ਾਂਤੀ ਦਾ ਪੁੱਤਰ ਉੱਥੇ ਹੋਵੇ ਤਾਂ ਤੁਹਾਡੀ ਸ਼ਾਂਤੀ ਉਸ ਉੱਤੇ ਠਹਰੇਗੀ, ਨਹੀਂ ਤਾਂ, ਉਹ ਮੁੜ ਤੁਹਾਡੇ ਕੋਲ ਆ ਜਾਵੇਗੀ ਅਤੇ ਓਸੇ ਘਰ ਵਿਚ ਟਿਕੋ ਅਤੇ ਜੋ ਕੁੱਝ ਉਹ ਦੇਣ ਖਾਓ ਪਿਓ। ਕਿਓਂਕਿ ਕਾਮਾ ਅਪਣੀ ਮਜੂਰੀ ਦਾ ਹਕ਼ਦਾਰ ਹੈ। ਘਰ ਘਰ ਨਾ ਫਿਰੋ।

ਪਰ ਇਸ ਸਬ ਦਾ ਮਤਲਬ ਕੀ ਹੈ ?

ਜਦ ਅਸੀਂ ਚੇਲੇ ਬਣਾਉਣ ਬਾਰੇ ਸੋਚਦੇ ਹਾਂ, ਸਾਡਾ ਪਹਿਲਾ ਵਿਚਾਰ ਹੋ ਸਕਦਾ ਹੈ, ਚੰਗਾ ਹੋਵੇਗਾ ਜੇ ਅਸੀਂ ਆਪਣੀ ਵਿਤ ਨੂੰ ਠੀਕ ਕਰ ਲਈਏ, ਇੱਕ ਸ੍ਪਸ਼ਟ ਨਿਸ਼ਾਨਾ ਚੁਣੋ ਅਤੇ ਕੱਮ ਕਰਨ ਦੀ ਇੱਕ ਸ੍ਪਸ਼ਟ ਯੋਜਨਾ ਬਣਾਓ। ਜੇ ਯੀਸ਼ੂ ਨੇ ਆਖਿਆ ਹੈ- ਜਾਓ, ਤਾਂ ਚੰਗਾ ਹੈ ਕਿ ਤੁਸੀਂ ਜਾਓ ਅਤੇ ਚਲਦੇ ਰਹੋ। ਸਾਰੇਆਂ ਨੂੰ ਦੱਸੋ। ਹਰ ਥਾਂ। ਹਰ ਸਮੇਂ।

ਪਰ ਯੀਸ਼ੂ ਉਨ੍ਹਾਂ ਦੀ ਹਿਦਾਯਤਾਂ ਦੇਣ ਦੇ ਵੇਲ੍ਹੇ ਵਿਤ ਅਤੇ ਉਤਸਾਹ ਦੀ ਘੱਟ ਹੀ ਫ਼ਿਕ੍ਰ ਕਰਦੇ ਸੀ ਅਤੇ ਫ਼ੋਕਸ ਬਾਰੇ ਬਹੁਤ ਜ਼ਿਆਦਾ ਖ਼ਿਆਲ ਰੱਖਦੇ। ਯੀਸ਼ੂ ਚਾਹੁੰਦੇ ਸੀ ਕਿ ਉਨ੍ਹਾਂ ਦੇ ਚੇਲੇ ਇੱਕ ਸ਼ਾਂਤੀ ਦੇ ਪੁੱਤਰ ਨੂੰ ਲੱਭ ਕੇ ਉਸ ਤੇ ਨਿਵੇਸ਼ ਕਰਨ।

ਜੇ ਤੁਸੀਂ ਐਸੀ ਜਗਾ ਤੇ ਚੇਲੇ ਬਨਾਉਣਾ ਚਾਹੁੰਦੇ ਹੋ ਬਹੁਤ ਜ਼ਿਆਦਾ ਜਾਂ ਕੋਈ ਵੀ ਨਾ ਹੋਵੇ ਤਾਂ ਫੇਰ ਤੁਹਾਡੇ ਲਈ ਇੱਕ ਸ਼ਾਂਤੀ ਦੇ ਪੁੱਤਰ ਦੀ ਤਲਾਸ਼ ਬਹੁਤ ਜ਼ਰੂਰੀ ਹੋ ਜਾਉਗੀ।

ਇੱਕ ਸ਼ਾਂਤੀ ਦਾ ਪੁੱਤਰ ਉਹ ਹੈ:

- ਜੋ ਤੁਹਾਡੀ ਕਹਾਣੀ, ਪਰਮੇਸ਼ਰ ਦੀ ਕਹਾਣੀ ਅਤੇ ਯੀਸ਼ੂ ਦਾ ਸੁਸਮਾਚਾਰ ਸੁਨਣ ਦੀ ਇੱਛਾ ਰੱਖਦਾ ਹੈ।
- ਕੋਈ ਅਜੇਹਾ ਜੋ ਮਹਮਾਨਨਵਾਜ਼ੀ ਕਰਨ ਵਾਲਾ ਹੋਵੇ ਅਤੇ ਅਪਣੇ ਘਰ ਵਿੱਚ ਜਾਂ ਅਪਣੇ ਕੱਮ ਕਰਨ ਵਾਲੀ ਥਾਂ ਤੇ ਤੁਹਾਡਾ ਸੁਆਗਤ ਕਰੇ ਅਤੇ ਅਪਣੇ ਪਰਿਵਾਰ ਅਤੇ ਮਿੱਤਰਾ ਨਾਲ਼ ਤੁਹਾਡੇ ਸਮਾਗਮਾਂ ਵਿੱਚ ਸ਼ਰੀਕ ਹੋਵੇ।
- ਕੋਈ ਅਜੇਹਾ ਜੋ ਦੂੱਜਿਆਂ ਨੂੰ ਜਾਣਦਾ ਹੋ (ਜਾਂ ਦੂੱਜਿਆਂ ਦੁਆਰਾ ਜਾਣਿਆ ਜਾਂਦਾ ਹੋਵੇ)। ਅਤੇ ਜਿਹੜਾ ਉਤਸਾਹ ਤੋਂ ਭਰ ਕੇ ਇੱਕ ਛੋਟੇ ਜਿਹੇ ਸਮੂਹ ਨੂੰ ਜਾਂ ਇੱਕ ਭੀੜ ਨੂੰ ਜਮਾ ਕਰ ਸਕਦਾ ਹੋਵੇ।
- ਕੋਈ ਅਜੇਹਾ ਜੋ ਵਫ਼ਾਦਾਰ ਹੈ ਅਤੇ ਜੋ ਉਹ ਦੁੱਜਿਆਂ ਨਾਲ਼ ਸਿੱਖਦੇ ਹਨ ਉਹ ਸਾਂਝਾ ਕਰਦਾ ਹੈ, ਭਾਵੇਂ ਤੁਸੀਂ ਉੱਥੋਂ ਚਲੇ ਜਾਂਦੇ ਹੋ।

ਬਾਈਬਲ ਵਿੱਚ ਅਸੀਂ ਯੀਸ਼ੂ ਅਤੇ ਉਸ ਦੇ ਚੇਲੇਯਾਂ ਬਾਰੇ ਜਾਣਦੇ ਹਾਂ ਜੋ ਅਜੇਹੇ ਸ਼ਾਂਤੀ ਦੇ ਪੁੱਤਰਾਂ ਨਾਲ਼ ਮਿਲਦੇ ਹਨ ਜੋ ਕੁੱਝ ਵੀ ਆਸ਼ਾ ਨਹੀਂ ਰੱਖਦੇ।

ਗਿਰਸੇਨੀਆਂ ਦੇ ਦੇਸ਼ ਵਿੱਚ ਯੀਸ਼ੂ ਇੱਕ ਅਜੇਹੇ ਮਨੁੱਖ ਨੂੰ ਮਿਲਦੇ ਹਨ ਜਿਹਦੇ ਵਿੱਚ ਭ੍ਰਿਸ਼ਟ ਆਤਮਾ ਸੀ ਜੋ ਕੱਲਾ ਰਹਿੰਦਾ ਸੀ ਅਤੇ ਸੰਗਲਾਂ ਨਾਲ਼ ਜਕੜਿਆ ਗਿਆ ਸੀ। ਅਸੀਂ ਕਦੇ ਵੀ ਅਜੇਹੇ ਮਨੁੱਖ ਬਾਰੇ ਸ਼ਾਂਤੀ ਦਾ ਪੁੱਤਰ ਹੋਣ ਦਾ ਸੋਚ ਵੀ ਨਹੀਂ ਸਕਦੇ ਪਰ ਉਹ ਯੀਸ਼ੂ ਨੂੰ ਸੁਨਣਾ ਚਾਹੁੰਦਾ ਸੀ। ਉਸ ਨੇ ਉਸ ਦੀ ਮਹਮਾਨਨਵਾਜ਼ੀ ਕਿੱਤੀ ਅਤੇ ਜਿੱਥੇ ਉਹ ਰਹਿੰਦਾ ਸੀ ਉੱਥੇ ਯੀਸ਼ੂ ਦਾ ਸੁਆਗਤ ਕਿੱਤਾ ਅਤੇ ਉਸ ਨੂੰ ਬੁਲਾਇਆ। ਉਹ ਮਸ਼ਹੂਰ ਸੀ ਅਤੇ ਉਹ ਆਸਾਨੀ ਨਾਲ਼ ਇੱਕ ਭੀੜ ਇਕੱਠੀ ਕਰ ਸਕਦਾ ਸੀ ਭਾਵੇਂ ਇਹ ਉਸ ਦੇ ਘਿਨੋਣੇ ਵਿਹਾਰ ਦੀ ਵਜਾ ਤੋਂ ਹੋ ਅਤੇ ਯੀਸ਼ੂ ਨੇ ਵੇਖਿਆ ਕਿ ਉਹ ਵਫ਼ਾਦਾਰ ਸੀ ਅਤੇ ਯੀਸ਼ੂ ਉਸ ਲਈ ਕੀ ਮਾਇਨੇ ਰੱਖਦੇ ਨੇ।

ਇਹ ਉਸਨੇ ਅਪਣੇ ਪਰਿਵਾਰ, ਅਪਣੇ ਸਮੁਦਾਏ ਅਤੇ ਅਪਣੇ ਪੂਰੇ ਦੇਸ਼ ਦੇ ਨਾਲ਼ ਸਾਂਝਾ ਕਿੱਤਾ। ਅਸਲ ਚ ਜਦੋਂ ਯੀਸ਼ੂ ਉਸ ਖੇਤਰ ਚ ਵਾਪਸ ਆਯਾ ਤਾਂ ਇੱਕ ਵੱਡੀ ਭੀੜ ਇਕੱਠੀ ਹੋਈ, ਉਸ ਮਨੁੱਖ ਨੂੰ ਵੇਖਣ ਲਈ ਉਤਸੁਕ ਸਨ ਜਿਸ ਦੇ ਬਾਰੇ ਉਨ੍ਹਾਂ ਨੇ ਐਨਾ ਸੁਣਿਆ ਸੀ।

ਸਾਮਰਿਯਾ ਵਿੱਚ ਯੀਸ਼ੂ ਇੱਕ ਖੂੰ ਉੱਤੇ ਇੱਕ ਔਰਤ ਨੂੰ ਮਿਲੇ। ਉਹ ਯੀਸ਼ੂ ਲਈ ਉਤਸੁਕ ਸੀ ਅਤੇ ਮਹਮਾਨਨਵਾਜ਼ੀ ਲਈ ਤਿਆਰ ਸੀ ਅਤੇ ਪਾਣੀ ਪੀਣ ਦੀ ਉਨ੍ਹਾਂ ਦੀ ਬੇਨਤੀ ਨੂੰ ਪੂਰਾ ਕਰਨ ਲਈ। ਅਸੀਂ ਵੇਖਦੇ ਹਾਂ ਕਿ ਉਸ ਦੇ ਪੰਜ ਪਤੀ ਸੀ ਅਤੇ ਉਹ ਹੁਣੇ ਵੀ ਕਿਸੇ ਦੂੱਜੇ ਮਨੁੱਖ ਨਾਲ਼ ਰਹ ਰਹੀ ਸੀ ਅਤੇ ਇਸ ਤਰਾਂ ਇੱਕ ਛੋਟੇ ਜਿਹੇ ਕ਼ਸਬੇ ਵਿੱਚ ਯਕੀਨਨ ਉਸ ਨੂੰ ਦੂਜੇ ਲੋਕ ਚੰਗੀ ਤਰਾਂ ਜਾਣਦੇ ਹੋਣਗੇ ਅਤੇ ਯੀਸ਼ੂ ਨਾਲ਼ ਗੱਲ ਕਰਨ ਦੇ ਬਾਦ ਉਹ ਉਸ ਦੇ ਪ੍ਰਤੀ ਵਫ਼ਾਦਾਰ ਰਹੀ ਅਤੇ ਉਸ ਨੇ ਬਹੁਤ ਕੁੱਝ ਅਤੇ ਬਹੁਤ ਛੇੱਤੀ ਪੂਰੇ ਕ਼ਸਬੇ ਨਾਲ਼ ਸਾਂਝਾ ਕਿੱਤਾ ਕਿ ਪੂਰੇ ਕ਼ਸਬੇ ਨੇ ਯੀਸ਼ੂ ਨੂੰ ਆਖਿਆ ਕਿ ਉਹ ਉਨ੍ਹਾਂ ਦੇ ਨਾਲ਼ ਰਹਨ ਅਤੇ ਉਨ੍ਹਾਂ ਦੇ ਨਾਲ਼ ਵੀ ਸਾਂਝਾ ਕਰਨ ਅਤੇ ਉਨ੍ਹਾਂ ਨੇ ਇਹ ਹੀ ਕਿੱਤਾ।

ਤਾਂ ਜੋ ਅਜੇਹਾ ਸ਼ਾਂਤੀ ਦਾ ਪੁੱਤਰ ਕੀਤੇ ਵੀ ਰਹ ਸਕਦਾ ਹੈ ਤੇ ਉਹ ਕੋਈ ਵੀ ਹੋ ਸਕਦਾ ਹੈ ਜਿਸ ਨੂੰ ਅਸੀਂ ਜਾਣਦੇ ਹਾਂ ਜਾਂ ਅਸੀਂ ਉਸ ਨੂੰ ਮਿਲ਼ਦੇ ਹਾਂ, ਅਸੀਂ ਕਿਵੇਂ ਅਜੇਹਾ ਇੱਕ ਲੱਭ ਸਕਦੇ ਹਾਂ?

ਏੱਥੇ ਤਿੱਨ ਆਸਾਨ ਤਰੀਕੇ ਹਨ -

ਅਸੀਂ ਸਮਾਜ ਦੇ ਲੋਕਾਂ ਤੋਂ ਉਸ ਦੀ ਸਿਫਾਰਿਸ਼ ਮੰਗ ਸਕਦੇ ਹਾਂ- ਏੱਥੇ ਅਜੇਹਾ ਭਰੋਸੇ ਲਾਇਕ ਕੌਣ ਹੈ ਜੋ ਅਪਣੇ ਤੋਂ ਪਹਿਲਾਂ ਦੁੱਜਿਆਂ ਦਾ ਖ਼ਿਆਲ ਰੱਖਦਾ ਹੈ? ਜੇਕਰ ਅਸੀਂ ਉਸੇ ਨਾਂ ਨੂੰ ਬਾਰ ਬਾਰ ਸੁਣਦੇ ਹਾਂ ਤਾਂ ਅਸੀਂ ਉਨ੍ਹਾਂ ਨੂੰ ਮਿਲਣ ਦੀ ਕੋਸ਼ਿਸ਼ ਕਰਿਏ, ਉਨ੍ਹਾਂ ਨਾਲ਼ ਰੂਹਾਨੀ ਵਿਚਾਰ ਸਾਂਝੇ ਕਰੋ ਅਤੇ ਵੇਖੋ ਕੀ ਉਹ ਸੁਨਣ ਅਤੇ ਸਾਂਝਾ ਕਰਨ ਲਈ ਤਿਆਰ ਹਨ।

ਅਸੀਂ ਕਿਸੇ ਲਈ ਦੁਆ ਦੀ ਪੇਸ਼ਕਸ਼ ਕਰਦੇ ਹਾਂ ਜਦੋਂ ਅਸੀਂ ਦੁਆ ਕਰਦੇ ਹਾਂ ਜਾਂ ਕੱਮ ਕਰਦੇ ਹਾਂ ਜਾਂ ਖੇਡਦੇ ਹੋਏ, ਜਿੱਥੇ ਵੀ ਕੋਈ ਮੌਕਾ ਹੈ ਅਤੇ ਫੇਰ ਉਸ ਦੁਆ ਨੂੰ ਇੱਕ ਰੂਹਾਨੀ ਗੱਲਬਾਤ ਵਿੱਚ ਮੋੜ ਦਈਏ।

ਅਸੀਂ ਹਰ ਗੱਲਬਾਤ ਵਿੱਚ ਰੂਹਾਨੀ ਵਿਚਾਰ ਪੇਸ਼ ਕਰਦੇ ਹਾਂ ਇਹ ਵੇਖਣ ਲਈ ਕਿ ਕੀ ਪਰਮੇਸ਼ਰ ਕਿਸੇ ਮਨੁੱਖ ਦੇ ਜੀਵਨ ਵਿੱਚ ਕੱਮ ਕਰ ਰਿਹਾ ਹੈ। ਜੇ ਉਹ ਤਿਆਰ ਅਤੇ ਰਾਜ਼ੀ ਹਨ ਤਾਂ ਅਸੀਂ ਪੁੱਛਦੇ ਹਾਂ ਕਿ ਉਹ ਹੋਰ ਵੀ ਵਧੇਰੇ ਚਰਚਾ ਕਰਨ ਲਈ ਇੱਕ ਸਮੂਹ ਨੂੰ ਇਕੱਠਾ ਕਰਨ ਲਈ ਤਿਆਰ ਹੋਣਗੇ। ਸਿਫ਼ਾਰਿਸ਼ਾਂ ਲਈ ਪੁੱਛੋ, ਦੁਆ ਕਰਨ ਦੀ ਪੇਸ਼ਕਸ਼ ਕਰੋ, ਰੂਹਾਨੀ ਵਿਚਾਰ ਪੇਸ਼ ਕਰੋ। ਇਹ ਉਹ ਸਾਰੇ ਤਰੀਕੇ ਹਨ ਜੋ ਅਸੀਂ ਸ਼ਾਂਤੀ ਦੇ ਪੁੱਤਰ ਨੂੰ ਲੱਭਣ ਦੀ ਪ੍ਰੀਕ੍ਰਿਆ ਵਿੱਚ ਸ਼ੁਰੂ ਕਰ ਸਕਦੇ ਹਾਂ।

ਭਾਵੇਂ ਅਸੀਂ ਉਨ੍ਹਾਂ ਨੂੰ ਕਿਵੇਂ ਵੀ ਲੱਭੀਏ, ਯਾਦ ਰੱਖੋ ਕਿ ਯੀਸ਼ੂ ਨੇ ਆਖਿਆ ਹੈ - ਸ਼ਾਂਤੀ ਦਾ ਪੁੱਤਰ ਅਜੇਹਾ ਹੈ ਜਿਸ ਦੇ ਨਾਲ਼ ਅਸੀਂ ਅਪਣਾ ਜ਼ਿਆਦਾ ਤੋਂ ਜ਼ਿਆਦਾ ਸਮਾਂ ਅਪਣਾ ਚੇਲਾ ਬਣਾਉਣ ਵਿੱਚ ਲਗਾਣਾ ਹੈ।

ਇਹ ਸੋਚਣਾ ਸੌਖਾ ਹੈ ਕਿ ਸਾਡੇ ਸਮੇਂ ਦਾ ਸਭ ਤੋਂ ਵਧੀਆ ਵਾਜਿਬ ਇਸਤੇਮਾਲ ਇਹ ਹੈ ਕਿ ਹਰ ਕਿਸੇ ਨੂੰ ਅਪਣੇ ਆਪ ਨੂੰ ਬਰਾਬਰ ਬਰਾਬਰ ਥੋੜਾ ਜਾ ਦੇ ਦਈਏ। ਪਰ ਯੀਸ਼ੂ ਨੇ ਆਖਿਆ ਅਤੇ ਵੇਖਿਆ ਹੈ ਕਿ ਉਹ ਨਹੀਂ ਚਾਹੁੰਦੇ ਕਿ ਅਸੀਂ ਸਾਰੇਆਂ ਨਾਲ ਉਪਰਿ ਤੌਰ ਤੇ ਹੋਈਏ ਪਾਰ ਕੁੱਝ ਇੱਕ ਨੂੰ ਗਹਰਾਈ ਤੋਂ ਦਈਏ।

ਯੀਸ਼ੂ ਅਕਸਰ ਭੀੜ ਨੂੰ ਖਿੱਚਦੇ ਸੀ ਪਾਰ ਬਾਈਬਲ ਸਾਨੂੰ ਬਾਰ ਬਾਰ ਫੇਰ ਦੱਸਦੀ ਹੈ ਕਿ ਯੀਸ਼ੂ ਉਨ੍ਹਾਂ ਭੀੜਾਂ ਤੋਂ ਦੂਰ ਅਪਣਾ ਜ਼ਿਆਦਾ ਸਮਾਂ ਅਪਣੇ ਸਭ ਤੋਂ ਨਜ਼ਦੀਕੀ ਬਾਰਾਂ ਚੇਲਯਾਂ ਨਾਲ਼ ਬੀਤਾਉਂਦੇ।

ਕਈ ਵਾਰ ਤਾਂ ਯੀਸ਼ੂ ਅਪਣਾ ਜ਼ਿਆਦਾ ਸਮੇਂ ਦਾ ਉਸ ਤੋਂ ਵੀ ਛੋਟੇ ਤਿੱਨ ਦੇ ਸਮੂਹ ਵਿੱਚ ਨਿਵੇਸ਼ ਕਰਦੇ।

ਜੇ ਯੀਸ਼ੂ ਜਿਸ ਕੋਲ ਐਂਨੀ ਜ਼ਿਆਦਾ ਤਾਕ਼ਤ, ਜ਼ਿਆਦਾ ਊਰਜਾ, ਜ਼ਿਆਦਾ ਅਧਿਕਾਰ, ਅਨੁਸ਼ਾਸਨ, ਬੁੱਧੀ, ਗਿਆਨ, ਸਮਝ ਅਤੇ ਹਮਦਰਦੀ ਤੋਂ ਉਸ ਨੇ ਥੋੜੇ ਸਮੇਂ ਵਿੱਚ ਗਹਰਾਈ ਨਾਲ਼ ਨਿਵੇਸ਼ ਕਰਨ ਲਈ ਚੁਣਿਆ ਅਤੇ ਅਪਣੇ ਚੇਲੇਯਾਂ ਨੂੰ ਵੀ  ਉਹੀ ਕਰਨ ਲਈ ਕਿਹਾ, ਇਸ ਤੋਂ ਇਹ ਸਮਝ ਨਹੀਂ ਆਉਂਦਾ ਕਿ ਸਾਨੂੰ ਉਸ ਦੇ ਮੁਕੰਮਲ ਪੈਟਰਨ ਦੀ ਪਾਲਨਾ ਕਰਨੀ ਚਾਹੀਦੀ ਅਤੇ ਸਾਂਝਾ ਕਰਨਾ ਚਾਹੀਦਾ ਹੈ।

ਇੱਕ ਸ਼ਾਂਤੀ ਦਾ ਪੁੱਤਰ

ਉਨ੍ਹਾਂ ਨੂੰ ਲੱਭਣਾ ਆਸਾਨ ਨਹੀਂ, ਸ਼ਾਯਦ ਹਜ਼ਾਰਾਂ ਵਿੱਚ ਇੱਕ ਹੋ। ਪਾਰ ਇੱਕ ਲੁਕੇ ਹੋਏ ਖਜ਼ਾਨੇ ਵਾਂਗ ਇਸ ਦੀ ਤਲਾਸ਼ ਵਾਜਿਬ ਹੈ। ਪਰਮੇਸ਼ਰ ਦੇ ਪਰਿਵਾਰ ਵਿੱਚ ਵਧਣ ਲਈ ਉਨ੍ਹਾਂ ਦੀ ਕ਼ੀਮਤ ਨੂੰ ਮਾਪਿਆਂ ਨਹੀਂ ਜਾ ਸਕਦਾ।

## ਚਰਚਾ ਕਰੋ

**(10 ਮਿੰਟ)**

- ਕੀ ਕੋਈ ਜਿਸ ਕੋਲ ਇੱਕ "ਬੁਰਾ ਨਾਮ" (ਜਿਵੇਂ ਕਿ ਸਾਮਰੀ ਔਰਤ ਜਾਂ ਗਦਰੇਨੇ ਵਿੱਚ ਦੁਸ਼ਟ ਆਤਮਾ ਨਾਲ ਗ੍ਰਸਤ ਇੱਕ ਵਿਅਕਤੀ) ਰਿਹਾ ਸੀ ਉਹ ਸੱਚਮੁੱਚ ਸ਼ਾਂਤੀ ਦਾ ਪੁੱਤਰ ਹੋ ਸਕਦਾ ਹੈ? ਕਿਉਂ ਜਾਂ ਕਿਉਂ ਨਹੀਂ?
- ਤੁਹਾਡੇ ਨੇੜੇ ਕਿਹੜਾ ਭਾਈਚਾਰਾ ਜਾਂ ਸਮਾਜ ਦਾ ਇੱਕ ਖੰਡ ਹੈ ਜਿਸ ਕੋਲ ਥੋੜੀ (ਜਾਂ ਬਿਲਕੁਲ ਨਹੀਂ) ਰਾਜ ਦੀ ਹਜ਼ੂਰੀ ਪ੍ਰਤੀਤ ਹੁੰਦੀ ਹੈ?
- ਕਿਵੇਂ ਇੱਕ ਸ਼ਾਂਤੀ ਦਾ ਪੁੱਤਰ (ਕੋਈ ਜਿਹੜਾ ਕਿ ਤਿਆਰ, ਪਰੁਹਣਚਾਰ, ਹੋਰਨਾਂ ਨੂੰ ਜਾਣਦਾ ਅਤੇ ਵੰਡਦਾ ਹੈ) ਉਸ ਭਾਈਚਾਰੇ ਵਿੱਚ ਇੰਜੀਲ ਦੇ ਫੈਲਣ ਦਾ ਵਿਸਤਾਰ ਕਰ ਸਕਦਾ ਹੈ?

## ਕਿਰਿਆ

**(10 ਮਿੰਟ)**

**B.L.E.S.S.ਪ੍ਰਾਰਥਨਾ ਦਾ ਅਭਿਆਸ ਕਰੋ**

- ਦੋ ਜਾਂ ਤਿੰਨ ਦੇ ਸਮੂਹਾਂ ਵਿੱਚ ਚਲੇ ਜਾਓ ਅਤੇ ਇੱਕ ਦੂਜੇ ਲਈ B.L.E.S.S.ਪ੍ਰਾਰਥਨਾ ਦੇ ਪੰਜ ਖੇਤਰਾਂ ਨੂੰ ਪ੍ਰਾਰਥਨਾ ਕਰਨ ਦਾ ਅਭਿਆਸ ਕਰੋ।

**BLESS ਪ੍ਰਾਰਥਨਾ ਢੰਗ**

BLESS ਪ੍ਰਾਰਥਨਾ ਢੰਗ ਪੰਜ ਢੰਗਾਂ ਨੂੰ ਦਿੰਦਾ ਹੈ ਜਿੰਨਾ ਨਾਲ ਤੁਸੀਂ ਕਿਸੇ ਵੀ ਸਮੇਂ ਜਦੋਂ ਮਿਲਦੇ ਲੋਕਾਂ ਲਈ ਪ੍ਰਾਰਥਨਾ ਕਰ ਸਕਦੇ ਹੋ, ਪਰ ਖਾਸ ਕਰਕੇ ਜਦੋਂ ਤੁਸੀਂ ਪ੍ਰਾਰਥਨਾ ਯਾਤਰਾ ਕਰਦੇ ਹੋ।

- **ਸਰੀਰ** - ਸਿਹਤ
- **ਮਿਹਨਤ** - ਨੌਕਰੀ ਅਤੇ ਅਰਥ-ਪ੍ਰਬੰਧ
- **ਭਾਵਨਾਤਮਕ** - ਸਦਾਚਾਰ
- **ਸਮਾਜਿਕ** - ਸੰਬੰਧ
- **ਆਤਮਿਕ** - ਪਰਮੇਸ਼ੁਰ ਨੂੰ ਹੋਰ ਜ਼ਿਆਦਾ ਜਾਣਨਾ ਅਤੇ ਪਿਆਰ ਕਰਨਾ

## ਕਿਰਿਆ

**(60 - 90 ਮਿੰਟ)**

**ਪ੍ਰਾਰਥਨਾ ਯਾਤਰਾ**

- ਦੋ ਜਾਂ ਤਿੰਨ ਦੇ ਸਮੂਹਾਂ ਵਿੱਚ ਚਲੇ ਜਾਓ ਅਤੇ ਪ੍ਰਾਰਥਨਾ ਯਾਤਰਾ ਦਾ ਅਭਿਆਸ ਕਰਨ ਲਈ ਭਾਈਚਾਰੇ ਵਿੱਚ ਜਾਉ।
- ਇੱਕ ਸਥਾਨ ਨੂੰ ਚੁਣਨਾ ਸਾਧਾਰਨ ਉਸ ਤੋਂ ਬਾਹਰ ਜਾਣਾ ਹੋ ਸਕਦਾ ਹੈ ਜਿੱਥੇ ਤੁਸੀਂ ਹੁਣ ਹੋ, ਜਾਂ ਤੁਸੀਂ ਇੱਕ ਖਾਸ ਮੰਜ਼ਿਲ ਵੱਲ ਜਾਣ ਦੀ ਯੋਜਨਾ ਬਣਾ ਸਕਦੇ ਹੋ।
- ਜਿਵੇਂ ਪਰਮੇਸ਼ੁਰ ਅਗਵਾਈ ਕਰਦਾ ਹੈ ਉਵੇਂ ਜਾਉ, ਅਤੇ ਇਸ ਕਿਰਿਆ ਉੱਤੇ 60-90 ਮਿੰਟ ਤੱਕ ਖਰਚ ਕਰਨ ਦੀ ਯੋਜਨਾ ਬਣਾਉ।
- ਇਹ ਸੈਸ਼ਨ ਪ੍ਰਾਰਥਨਾ ਯਾਤਰਾ ਕਿਰਿਆ ਦੇ ਨਾਲ ਸਮਾਪਤ ਹੁੰਦਾ ਹੈ।

**ਚਾਰ ਸ੍ਰੋਤ ਜਿਹੜੇ ਤੁਹਾਡੀ ਪ੍ਰਾਰਥਨਾ ਵਿੱਚ ਮਾਰਗਦਰਸ਼ਣ ਕਰ ਸਕਦੇ ਹਨ:**

1. **ਗੌਰ ਕਰਨਾ** – ਤੁਸੀਂ ਕੀ ਵੇਖਦੇ ਹੋ? ਜੇਕਰ ਤੁਸੀਂ ਇੱਕ ਵਿਹੜੇ ਵਿੱਚ ਇੱਕ ਬੱਚੇ ਦੇ ਖਿਡੌਣੇ ਨੂੰ ਵੇਖਦੇ ਹੋ, ਤੁਸੀਂ ਗੁਆਂਢ ਵਿੱਚ ਬੱਚਿਆਂ ਲਈ, ਪਰਿਵਾਰਾਂ ਲਈ, ਜਾਂ ਉਸ ਖੇਤਰ ਵਿੱਚ ਸਕੂਲ ਲਈ ਪ੍ਰਾਰਥਨਾ ਕਰਨ ਵਾਸਤੇ ਪ੍ਰੇਰਿਤ ਹੋ ਸਕਦੇ ਹੋ।
2. **ਸਰਵੇਖਣ** – ਤੁਸੀਂ ਕੀ ਜਾਣਦੇ ਹੋ? ਜੇਕਰ ਤੁਸੀਂ ਗੁਆਂਢ ਦੇ ਬਾਰੇ ਪੜ੍ਹਿਆ ਹੈ, ਤੁਸੀਂ ਲੋਕ ਜੋ ਉੱਥੇ ਰਹਿੰਦੇ ਹਨ ਉਨ੍ਹਾਂ ਦੇ ਬਾਰੇ ਜਾਣ ਸਕਦੇ ਹੋ, ਜਾਂ ਜਿਸ ਅਪਰਾਧ ਜਾਂ ਅਨਿਆਂ ਕਰਕੇ ਉਹ ਖੇਤਰ ਪੀੜਤ ਹੈ ਉਸ ਨੂੰ ਜਾਣ ਸਕਦੇ ਹੋ। ਇਨ੍ਹਾਂ ਗੱਲਾਂ ਬਾਰੇ ਪ੍ਰਾਰਥਨਾ ਕਰੋ ਅਤੇ ਕੰਮ ਕਰਨ ਲਈ ਪਰਮੇਸ਼ੁਰ ਨੂੰ ਕਹੋ।
3. **ਪਰਕਾਸ਼** – ਪਵਿੱਤਰ ਆਤਮਾ ਤੁਹਾਡੇ ਦਿਲ ਨੂੰ ਇੱਕ ਖਾਸ ਲੋੜ ਜਾਂ ਪ੍ਰਾਰਥਨਾ ਦੇ ਖੇਤਰ ਬਾਰੇ ਪ੍ਰੇਰਿਤ ਕਰ ਸਕਦਾ ਹੈ ਜਾਂ ਮਨ ਵਿੱਚ ਇੱਕ ਖਾਸ ਵਿਚਾਰ ਨੂੰ ਲਿਆ ਸਕਦਾ ਹੈ। ਸੁਣੋ – ਅਤੇ ਪ੍ਰਾਰਥਨਾ ਕਰੋ!
4. **ਪਵਿੱਤਰ ਸ਼ਾਸਤਰ** – ਤੁਸੀਂ ਤੁਹਾਡੀ ਯਾਤਰਾ ਲਈ ਤਿਆਰੀ ਵਿੱਚ ਜਾਂ ਜਦੋਂ ਤੁਸੀਂ ਤੁਰੇ ਜਾਂਦੇ ਤਾਂ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਿਆ ਹੋ ਸਕਦਾ ਹੈ ਜਾਂ ਤੁਰਦੇ ਹੋਏ, ਪਵਿੱਤਰ ਆਤਮਾ ਇੱਕ ਆਇਤ ਨੂੰ ਤੁਹਾਨੂੰ ਯਾਦ ਕਰਾ ਸਕਦਾ ਹੈ। ਇਸ ਭਾਗ ਬਾਰੇ ਅਤੇ ਕਿਵੇਂ ਇਹ ਉਸ ਖੇਤਰ ਵਿੱਚ ਲੋਕਾਂ ਉੱਤੇ ਪ੍ਰਭਾਵ ਪਾ ਸਕਦਾ ਹੈ ਬਾਰੇ ਪ੍ਰਾਰਥਨਾ ਕਰੋ।

**ਪ੍ਰਭਾਅ ਦੇ ਪੰਜ ਖੇਤਰ ਜਿੰਨਾ ਤੇ ਤੁਸੀਂ ਪ੍ਰਾਰਥਨਾ ਕੇਂਦਰਿਤ ਕਰਦੇ ਹੋ:**

1. **ਸਰਕਾਰ** – ਸਰਕਾਰੀ ਕੇਂਦਰਾਂ ਤੇ ਨਜ਼ਰ ਮਾਰੋ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰੋ ਜਿਵੇਂ ਕਿ ਕਚਿਹਰੀਆਂ, ਕਮੀਸ਼ਨ ਇਮਾਰਤਾਂ ਜਾਂ ਕਨੂੰਨ ਚਲਾਉਣ ਵਾਲੇ ਦਫ਼ਤਰ। ਉਸ ਖੇਤਰ ਦੀ ਸੁਰੱਖਿਆ ਲਈ, ਨਿਆਂ ਲਈ ਅਤੇ ਇਸ ਦੇ ਆਗੂਆਂ ਨੂੰ ਧਰਮੀ ਬੁੱਧੀ ਮਿਲਣ ਲਈ ਪ੍ਰਾਰਥਨਾ ਕਰੋ।
2. **ਵਪਾਰਿਕ ਅਤੇ ਵਣਜ** – ਵਪਾਰਿਕ ਕੇਂਦਰਾਂ ਤੇ ਨਜ਼ਰ ਮਾਰੋ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰੋ ਜਿਵੇਂ ਕਿ ਆਰਥਿਕ ਜਿਲ੍ਹੇ ਜਾਂ ਖਰੀਦਾਰੀ ਖੇਤਰ। ਧਰਮੀ ਨਿਵੇਸ਼ ਅਤੇ ਸ੍ਰੋਤਾਂ ਦੇ ਚੰਗੇ ਭੰਡਾਰੀਪਣ ਲਈ ਪ੍ਰਾਰਥਨਾ ਕਰੋ। ਆਰਥਿਕ ਨਿਆਂ ਅਤੇ ਮੌਕੇ ਲਈ ਅਤੇ ਦਿਯਾਲੂ ਅਤੇ ਧਾਰਮਿਕ ਦੇਣ ਵਾਲਿਆਂ ਲਈ ਪ੍ਰਾਰਥਨਾ ਕਰੋ ਜਿਹੜੇ ਲਾਭ ਤੋਂ ਪਹਿਲਾਂ ਲੋਕਾਂ ਨੂੰ ਅੱਗੇ ਰੱਖਦੇ ਹਨ।
3. **ਸਿੱਖਿਆ** – ਅਜਿਹੇ ਸਿੱਖਿਆਤਮਕ ਕੇਂਦਰ ਜਿਵੇਂ ਕਿ ਸਕੂਲ ਅਤੇ ਪ੍ਰਬੰਧਕੀ ਇਮਾਰਤਾਂ, ਪੇਸ਼ੇਵਰ ਸਿਖਲਾਈ ਕੇਂਦਰਾਂ, ਸਮਾਜ ਦੇ ਕਾਲੇਜ਼ਾਂ ਅਤੇ ਵਿਸ਼ਵ-ਵਿਦਿਆਲਾ ਨੂੰ ਭਾਲੋ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰੋ। ਪਰਮੇਸ਼ੁਰ ਦੀ ਸਚਿਆਈ ਨੂੰ ਸਿਖਾਉਣ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਦੇ ਮਨਾਂ ਦੀ ਸੁਰੱਖਿਆ ਕਰਨ ਲਈ ਧਰਮੀ ਸਿੱਖਿਅਕਾਂ ਲਈ ਪ੍ਰਾਰਥਨਾ ਕਰੋ। ਪ੍ਰਾਰਥਨਾ ਕਰੋ ਕਿ ਪਰਮੇਸ਼ੁਰ ਝੂਠ ਜਾਂ ਉਲਝਣ ਨੂੰ ਉਨੱਤ ਕਰਨ ਦੀ ਹਰੇਕ ਕੋਸ਼ਿਸ਼ ਵਿੱਚ ਦਖਲਅੰਦਾਜ਼ੀ ਕਰੇ। ਪ੍ਰਾਰਥਨਾ ਕਰੋ ਕਿ ਇਹ ਸਥਾਨ ਬੁੱਧੀਮਾਨ ਨਾਗਰਿਕਾਂ ਨੂੰ ਭੇਜਣ ਜਿਨ੍ਹਾਂ ਕੋਲ ਸੇਵਾ ਕਰਨ ਅਤੇ ਅਗਵਾਈ ਕਰਨ ਦਾ ਇੱਕ ਦਿਲ ਹੈ।
4. **ਸੰਚਾਰ** – ਸੰਚਾਰ ਕੇਂਦਰ ਜਿਵੇਂ ਕਿ ਰੇਡਿਓ ਸਟੇਸ਼ਨ, ਟੀ. ਵੀ. ਸਟੇਸ਼ਨ ਅਤੇ ਅਖਬਾਰ ਪ੍ਰਕਾਸ਼ਕਾਂ ਨੂੰ ਭਾਲੋ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰੋ। ਪਰਮੇਸ਼ੁਰ ਦੀ ਕਹਾਣੀ ਅਤੇ ਉਸ ਦੇ ਚੇਲਿਆਂ ਨੂੰ ਗਵਾਹੀ ਨੂੰ ਸ਼ਹਿਰ ਵਿੱਚ ਅਤੇ ਸੰਸਾਰ ਵਿੱਚ ਫੈਲ ਜਾਣ ਲਈ ਪ੍ਰਾਰਥਨਾ ਕਰੋ। ਪ੍ਰਾਰਥਨਾ ਕਰੋ ਕਿ ਉਸ ਦਾ ਸੰਦੇਸ਼ ਉਸ ਦੇ ਮਾਧਿਅਮ ਰਾਹੀਂ ਉਸ ਦੀ ਭੀੜ ਤੱਕ ਪਹੁੰਚ ਸਕੇ ਅਤੇ ਇਹ ਕਿ ਪਰਮੇਸ਼ੁਰ ਦੇ ਲੋਕ ਹਰ ਜਗ੍ਹਾ ਪਰਮੇਸ਼ੁਰ ਦੇ ਕੰਮ ਨੂੰ ਵੇਖਣ।
5. **ਆਤਮਿਕਤਾ** – ਆਤਮਿਕ ਕੇਂਦਰ ਜਿਵੇਂ ਕਿ ਕਲੀਸਿਯਾ ਇਮਰਾਤਾਂ, ਮਸਜ਼ਿਦਾਂ ਜਾਂ ਮੰਦਿਰਾਂ ਨੂੰ ਭਾਲੋ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰੋ। ਪ੍ਰਾਰਥਨਾ ਕਰੋ ਕਿ ਹਰੇਕ ਆਤਮਿਕ ਖੋਜ ਕਰਤਾ ਯਿਸੂ ਵਿੱਚ ਸ਼ਾਂਤੀ ਅਤੇ ਤਸੱਲੀ ਨੂੰ ਖੋਜੇ ਅਤੇ ਕਿਸੇ ਵੀ ਝੂਠੇ ਧਰਮ ਦੇ ਦੁਆਰਾ ਧਿਆਨ ਭੰਗ ਨਾ ਹੋਵੇ ਜਾਂ ਉਲਝਣ ਵਿੱਚ ਨਾ ਪਵੇ।

## ਪ੍ਰਾਰਥਨਾ ਕਰੋ

**(5 ਮਿੰਟ)**

ਤੁਹਾਡੇ ਆਪਣੀ ਪ੍ਰਾਰਥਨਾ ਯਾਤਰਾ ਕਿਰਿਆ ਲਈ ਜਾਣ ਤੋਂ ਪਹਿਲਾਂ, ਤੁਹਾਡੇ ਇਕੱਠੇ ਹੋਣ ਦੇ ਸਮੇਂ ਨੂੰ ਆਪਣੇ ਸਮੂਹ ਨਾਲ ਪ੍ਰਾਰਥਨਾ ਕਰਕੇ ਸਮਾਪਤ ਕਰਨਾ ਯਕੀਨੀ ਬਣਾਓ।

ਪਰਮੇਸ਼ੁਰ ਦਾ ਧੰਨਵਾਦ ਕਿ ਉਹ ਗੁਆਚੇ, ਆਖਰੀ ਅਤੇ ਸਭ ਤੋਂ ਛੋਟੇ ਨੂੰ ਪਿਆਰ ਕਰਦਾ ਹੈ – ਜਿਸ ਵਿੱਚ ਅਸੀਂ ਵੀ ਆਉਂਦੇ ਹਾਂ!

ਉਸ ਨੂੰ ਕਹੋ ਕਿ ਤੁਹਾਡੇ ਦਿਲ ਨੂੰ ਅਤੇ ਉਨ੍ਹਾਂ ਦੇ ਦਿਲ ਨੂੰ ਜਿੰਨਾਂ ਨੂੰ ਤੁਸੀਂ ਆਪਣੀ ਯਾਤਰਾ ਵਿੱਚ ਮਿਲੋਗੇ ਉਸ ਦੇ ਕੰਮ ਲਈ ਖੁੱਲ੍ਹੇ ਹੋਣ ਲਈ ਤਿਆਰ ਕਰੇ।

---

**ਇੱਕ ਅੰਤਰਾਲ ਲਉ**

---

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ, ਅਸੀਂ ਇਸ ਸਿਧਾਂਤ ਨੂੰ ਸੁਣਾਂਗੇ ਅਤੇ ਚਰਚਾ ਕਰਾਂਗੇ:**

- ਵਫ਼ਾਦਾਰੀ ਗਿਆਨ ਨਾਲੋਂ ਉੱਤਮ ਹੈ

**ਅਤੇ ਅਸੀਂ ਸਾਡੀ ਟੂਲਕਿੱਟ ਵਿੱਚ ਇਸ ਸਾਧਨ ਨੂੰ ਜੋੜਾਂਗੇ:**

- 3/3 ਸਮੂਹ ਮੀਟਿੰਗ

---

## ਪੜ੍ਹੋ

**(5 ਮਿੰਟ)**

**ਵਫ਼ਾਦਾਰੀ**

ਇਸਸੇਸ਼ਨ ਵਿੱਚ ਅਸੀਂ ਸਿਖਾਂਗੇ ਕਿ ਗਿਆਨ ਅਤੇ ਸਿਖਲਾਈ ਦੀ ਤੁਲਨਾ ਵਿੱਚ ਆਤਮਕ ਸਿਆਣਪ ਵਿਸ਼ਵਾਸਯੋਗਤਾ ਦਾ ਬਿਹਤਰ ਮਾਪਦੰਡ ਕਿਵੇਂ ਹੈ। ਦੋ ਵਿਚਾਰ ਹਨ ਜਿਹਨਾਂ ਨੇ ਅੱਜ ਚਰਚ ਵਿੱਚ ਬਹੁਤ ਸਾਰੀਆਂ ਪਰੇਸ਼ਾਨਿਆਂ ਖੜ੍ਹਿਆਂ ਕਰ ਦਿਤੀਆਂ ਹਨ।

ਪਹਿਲਾ ਵਿਚਾਰ ਕਿ ਕਿਸੇ ਮਨੁਖ ਦਾ ਆਤਮਕ ਸਿਆਣਪ ਇਸ ਗੱਲ ਨਾਲ ਜੁੜਿਆ ਹੈ ਕਿ ਓਹ ਪਰਮੇਸ਼ਰ ਦੇ ਵਚਨ ਬਾਰੇ ਕਿਨਾਂ ਜਾਣਦੇ ਹਨ।

ਦੂਜਾ ਵਿਚਾਰ ਇਹ ਹੈ ਕਿ ਸੇਵਕਾਈ ਵਿੱਚ ਅਗਵਾਈ ਕਰਨ ਤੋਂ ਪਹਿਲਾਂ ਕਿਸੇ ਮਨੁੱਖ ਨੂੰ ਪੂਰਣਸਿਖਲਾਈ ਦੀ ਲੋੜ ਹੈ। ਓਹ ਇੰਜ ਵਿਵਹਾਰ ਕਰਦੇ ਹਨ ਜਿਵੇਂ ਸੇਵਕਾਈ ਕਰਨ ਦੇ ਲਈ ਕਿਸੇ ਮਨੁੱਖ ਦੀ ਯੋਗਤਾ ਦਾ ਸਹੀ ਪੈਮਾਨਾ ਸਮ੍ਪੁਰਨ ਗਿਆਨ ਹੈ।

ਪਹਿਲੇ ਵਿਚਾਰ ਦੇ ਨਾਲ ਮੁਸ਼ਕਲ – ਰੂੜੀਵਾਦੀ ਮੱਤ ਤੇ ਜਾਂ ਸਹੀ ਧਾਰਣਾ ਤੇ ਨਿਰਭਰ ਰਹਿਣਾ ਕਿ ਸ਼ਤਾਨ ਨੂੰ ਵਚਨ ਦਾ ਗਿਆਨ ਕਿਸੇ ਮਨੁੱਖ ਨਾਲੋਂ ਵੱਧ ਹੈ ਪਰਮੇਸ਼ਰ ਦਾ ਵਚਨ ਕਹਿੰਦਾ ਹੈ – ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਕ ਹੀ ਪਰਮੇਸ਼ਰਹਨ.ਵਧਿਆ ਹੈ।

ਸ਼ਤਾਨ ਵੀ ਇਹੀ ਵਿਸ਼ਵਾਸ ਕਰਦੇ ਹਨ ਤੇ ਕੰਬਦੇ ਹਨ।

ਕਿਸੇ ਮਨੁੱਖਦੇਆਤਮਕ ਸਿਆਣਪ ਦਾ ਇਕ ਬਿਹਤਰ ਮਾਪਦੰਡ ਹੈ ORTHOPAXY – 'ਸਹੀ ਅਭਿਆਸ'। ਜੋ ਅਸੀਂ ਜਾਣਦੇ ਹਾਂ ਓਸ ਅਧਾਰ ਤੇਸਿਆਣਪਨੂੰ ਮਾਪਣ ਦੀ ਬਜਾਏ ਸਾਨੂੰ ਆਗਿਆ ਮੰਨਣ ਚ ਤੇ ਇਸਨੂੰ ਦਸਣ ਦੇ ਪਰਤੀ ਵਿਸ਼ਵਾਸਯੋਗਤਾ ਦੇ  ਬਾਰੇ ਚ ਜਿਆਦਾ ਫ਼ਿਕਰ ਕਰਨੀ ਚਾਹੀਦੀ ਹੈ।

ਅਗਵਾਈ ਕਰਨ ਤੋਂ ਪਹਿਲਾਂ ਓਸ ਮਨੁੱਖ ਨੂੰ ਪੂਰੀ ਤਰਾਂ ਨਾਲ ਸਿਖਲਾਈ ਲਈ ਹੋਣੀ ਚਾਹੀਦੀ ਹੈ। ਇਸ ਦੂਜੇ ਵਿਚਾਰ ਦੇ ਨਾਲ ਪਰੇਸ਼ਾਨੀ ਇਹ ਹੈ ਕਿ ਕੋਈ ਪੂਰੀ ਤਰਾਂ ਨਾਲ trained ਕਦੇ ਨਹੀ ਹੁੰਦਾ।

ਯਿਸੂ ਨੇ ਨੌਜਵਾਨ ਆਗੂਆਂ ਨੂੰ ਭੇਜਣ ਦੇ ਜ਼ਰੀਏ ਉਦਾਹਰਨ ਦਿਖਾਇਆ ਜਿਨਾਂ ਨੂੰ ਰਾਜ ਵਿੱਚ ਮਹੱਤਵਪੂਰਨ ਕੰਮ ਕਰਨ ਦੇ ਲਈ ਹਾਲੇ ਵੀ ਬਹੁਤ ਸਾਰੀਆਂ ਗੱਲਾਂ ਸਿਖਨੀਆਂ ਬਾਕੀ ਹਨ।

ਪਰਮੇਸ਼ਰ ਦਾ ਵਚਨ ਕਹਿੰਦਾ ਹੈ – ਯਿਸੂ ਨੇ ਆਪਣੇ ਬਾਰਾਂ ਰਸੂਲਾਂ ਨੂੰ ਸੱਦਿਆ ਤੇ ਓਨਾਂ ਨੂੰ ਦੁਸ਼ਟ ਆਤਮਾਵਾਂ ਤੇ ਬਿਮਾਰੀਆਂ ਦੇ ਉੱਤੇ ਪੂਰਣ ਸਮਰਥਾ ਦਿੱਤੀ .ਫੇਰਓਹਨਾਂਨੇ  ਪਰਮੇਸ਼ਰ ਦੇ ਰਾਜ ਬਾਰੇ ਦਸਣ ਤੇ ਬਿਮਾਰੀਆਂ ਤੋਂ ਚੰਗਾ ਕਰਨ ਦੇ ਲਈ ਓਹਨਾਂ ਨੂੰ ਭੇਜਿਆ।

ਪਤਰਸ ਦਵਾਰਾ ਆਪਣੇ ਵਿਸ਼ਵਾਸ ਦੇ ਦੱਸੇਜਾਣ ਤੋਂ ਪਹਿਲਾਂ ਇਹਨਾਂ ਮਨੁਖਾਂ ਨੂੰ ਭੇਜਿਆ ਗਿਆ ਸੀ ਕਿ ਯਿਸੂ ਉਦ੍ਧਾਰਕਰਤਾ ਹਨ –ਅਸੀਂ ਇਸਨੂੰ ਵਿਸ਼ਵਾਸ ਦਾ ਪਹਿਲਾ ਕਦਮ ਮੰਨਦੇ ਹਾਂ। ਤੇ ਭੇਜੇ ਜਾਂਣ ਦੇ ਬਾਦ ਵੀ ਯਿਸੂ ਨੇ ਕਈ ਵਾਰ। ਗਲਤੀਆਂ ਦੀ ਵਜ੍ਹਾ ਤੋਂ ਪਤਰਸ ਨੂੰ ਡਾਂਟਿਆ ਅਤੇ ਬਾਦ ਵਿੱਚ ਪਤਰਸ ਨੇ ਯਿਸੂ ਨੂੰ ਪੂਰੀ ਤਰਾਂ ਨਾਲ ਨਕਾਰਿਆ। ਦੂਜੇ ਚੇਲੇ ਬਹਿਸ ਕਰਨ ਲੱਗੇ ਕਿ ਪਰਮੇਸ਼ਰ ਦੇਆਉਣ ਵਾਲੇ ਰਾਜ ਵਿੱਚ ਸਬ ਤੋਂ ਮਹਾਨ ਕੋਣ ਹੈ ਅਤੇ ਕਿਸਨੂੰ ਕਿਹੜਾ ਕੰਮ ਮਿਲੇਗਾ ।

ਓਹਨਾਂ ਲਈ ਹਾਲੇ ਵੀ ਬਹੁਤ ਕੁਝ ਸਿਖਣਾ ਬਾਕੀ  ਸੀ ਪਰ ਯਿਸੂ ਨੇ ਓਨਾਂ ਨੂੰ ਕੰਮ ਦਿੱਤਾ ਕਿ ਓਹ ਜੋ ਜਾਣਦੇ ਹਨ ਉਸ ਨੂੰ ਦੂਜਿਆਂ ਨੂੰ ਦਸਣ।

ਵਿਸ਼ਵਾਸਯੋਗਤਾ – ਗਿਆਨ ਤੋਂ ਵੀ ਵੱਧ ਅਜੇਹੀ ਚੀਜ਼ ਹੈ ਜੋ ਯਿਸੂ ਦੇ ਪਿਛੇ ਚਲਦੇ ਸਾਰ ਹੀ ਸ਼ੁਰੂ ਹੋ ਸਕਦੀ ਹੈ।

ਵਿਸ਼ਵਾਸਯੋਗਤਾ –ਸਿਖਲਾਈ ਤੋਂ ਵੱਧ ਇਸ ਗੱਲ ਤੋਂ ਮਾਪੀ ਜਾ ਸਕਦੀ ਹੈ ਕਿ ਸਾਨੂੰ ਜੋ ਦਿੱਤਾ ਗਿਆ ਹੈ ਓਸ ਨਾਲ ਅਸੀਂ ਕਿ ਕਰਦੇ ਹਾਂ।

ਜੇ ਅਸੀਂ ਜੋ ਸੁਣਦੇ ਹਾਂ ਉਸਦਾ ਪਾਲਨ ਕਰੀਏ ਤੇ ਦੂਜਿਆਂ ਨੂੰ ਦੱਸੀਏ, ਤਾਂ ਅਸੀਂ ਵਿਸ਼ਵਾਸਯੋਗ ਹਾਂ।

ਜੇ ਅਸੀਂ  ਜੋ ਸੁਣਦੇ ਹਾਂ ਪਰ ਉਸਨੂੰ ਮੰਨਦੇ ਤੇ ਵੰਡਦੇ ਨਹੀਤਾਂ ਅਸੀਂ ਵਿਸ਼ਵਾਸਯੋਗ ਨਹੀ ਹਾਂ।

ਚੇਲਿਆਂ ਨੂੰ ਵਧਾਂਦੇ ਸਮੇਂ ਅਸੀਂ ਇਹ ਪੱਕਾ ਕਰੀਏ ਕਿ ਅਸੀਂ ਸਹੀ ਚੀਜ਼ਾਂ ਨੂੰ ਮਾਪ ਰਹੇ ਹਾਂ।

## ਚਰਚਾ ਕਰੋ

**(10 ਮਿੰਟ)**

ਪਰਮੇਸ਼ੁਰ ਦੇ ਉਨ੍ਹਾਂ ਹੁਕਮਾਂ ਬਾਰੇ ਸੋਚੋ ਜੋ ਤੁਸੀਂ ਪਹਿਲਾਂ ਹੀ ਜਾਣਦੇ ਹੋ। ਉਨ੍ਹਾਂ ਗੱਲਾਂ ਦਾ ਆਗਿਆ ਪਾਲਨ ਕਰਨ ਅਤੇ ਉਨ੍ਹਾਂ ਨੂੰ ਵੰਡਣ ਵਿੱਚ ਤੁਸੀਂ ਕਿੰਨੇ "ਵਫ਼ਾਦਾਰ" ਹੋ?

## ਪੜ੍ਹੋ

**(75 ਮਿੰਟ)**

**3/3 ਸਮੂਹ ਮੀਟਿੰਗ**

ਜ਼ੁਮੇ ਸਿਖਲਾਈ ਵਿੱਚ ਵਾਪਸ ਤੁਹਾਡਾ ਸੁਆਗਤ ਹੈ। ਇਸ ਸੈਸ਼ਨ ਵਿੱਚ, ਅਸੀਂ ਸਿੱਖਾਂਗੇ ਕਿ ਕਿਵੇਂ ਇੱਕ 3/3 (ਨੋਟ: "ਤੀਸਰਾ ਤੀਜਾ" ਕਰਕੇ ਉਚਾਰੋ) ਸਮੂਹ ਮਿਲਣ ਦਾ ਇੱਕ ਉਹ ਢੰਗ ਹੈ ਜਿਹੜਾ ਯਿਸੂ ਦੇ ਚੇਲਿਆਂ ਦੀ ਇੱਕ ਦੂਜੇ ਨੂੰ ਹੋਰ ਜ਼ਿਆਦਾ ਨੇੜਿਓਂ ਯਿਸੂ ਦਾ ਅਨੁਸਰਣ ਕਰਨ ਵਿੱਚ ਮਦਦ ਕਰਦਾ ਹੈ।

ਯਿਸੂ ਨੇ ਆਖਿਆ – "ਜਿੱਥੇ ਦੋ ਜਾਂ ਤਿੰਨ ਮੇਰੇ ਨਾਮ ਉੱਤੇ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ।" ਓਹ ਇੱਕ ਸ਼ਕਤੀਸ਼ਾਲੀ ਵਾਇਦਾ ਹੈ, ਅਤੇ ਉਹ ਵਾਇਦਾ ਜਿਸ ਤੋਂ ਹਰੇਕ ਯਿਸੂ ਦੇ ਚੇਲੇ ਨੂੰ ਲਾਭ ਲੈਣਾ ਚਾਹੀਦਾ ਹੈ। ਪਰ ਜਦੋਂ ਤੁਸੀਂ ਇੱਕ ਸਮੂਹ ਵਜੋਂ ਇਕੱਠੇ ਹੁੰਦੇ ਹੋ, ਤੁਹਾਨੂੰ ਆਪਣਾ ਸਮਾਂ ਕਿਵੇਂ ਬਿਤਾਉਣਾ ਚਾਹੀਦਾ ਹੈ?

ਇੱਕ 3/3 (ਨੋਟ: "ਤੀਸਰਾ-ਤੀਜਾ" ਵਜੋਂ ਉਚਾਰਨ ਕੀਤਾ ਜਾਂਦਾ) ਸਮੂਹ ਉਹ ਹੁੰਦਾ ਹੈ ਜਿਹੜਾ ਆਪਣੇ ਸਮੇਂ ਨੂੰ 3 ਭਾਗਾਂ ਵਿੱਚ ਵੰਡਦਾ ਹੈ, ਤਾਂ ਜੋ ਉਹ ਕੁਝ ਸਭ ਤੋਂ ਮਹੱਤਵਪੂਰਣ ਹੁਕਮ ਜਿਹੜੇ ਯਿਸੂ ਦਿੰਦਾ ਹੈ ਦੇ ਆਗਿਆ ਪਾਲਨ ਦਾ ਅਭਿਆਸ ਕਰ ਸਕਣ।

ਇਹ ਇਸ ਤਰ੍ਹਾਂ ਕੰਮ ਕਰਦਾ ਹੈ:

- **ਪਿੱਛੇ ਵੇਖੋ** (ਦ੍ਰਿਸ਼ – 1/3) ਸਮੂਹ ਦੇ ਸਮੇਂ ਦਾ ਪਹਿਲਾ ਤੀਜਾ ਹਿੱਸਾ ਜਦੋਂ ਅਸੀਂ ਪਹਿਲਾਂ ਇਕੱਠੇ ਹੋਏ ਸੀ ਉਸ ਵੱਲ ਵਾਪਸ ਪਿੱਛੇ ਮੁੜਕੇ ਵੇਖਣ ਵਿੱਚ ਖਰਚ ਕੀਤਾ ਜਾਂਦਾ ਹੈ।
- **ਉਤਾਂਹ ਵੇਖੋ** (ਦ੍ਰਿਸ਼ – 2/3) ਸਮੂਹ ਦੇ ਸਮੇਂ ਦਾ ਵਿਚਕਾਰਲਾ ਹਿੱਸਾ ਵਚਨ, ਚਰਚਾ ਅਤੇ ਪ੍ਰਾਰਥਨਾ ਰਾਹੀਂ ਪਰਮੇਸ਼ੁਰ ਦੀ ਬੱ◌ੁਧ ਅਤੇ ਮਾਰਗਦਰਸ਼ਣ ਲਈ ਉਤਾਂਹ ਵੇਖਦੇ ਹੋਏ ਖਰਚ ਕੀਤਾ ਜਾਂਦਾ ਹੈ।
- **ਅੱਗੇ ਵੇਖੋ** (ਦ੍ਰਿਸ਼ – 3/3) ਸਮੂਹ ਦੇ ਸਮੇਂ ਦਾ ਆਖਰੀ ਤੀਜਾ ਹਿੱਸਾ ਜੋ ਅਸੀਂ ਸਿੱਖਿਆ ਹੈ ਉਸ ਨੂੰ ਹਰੇਕ ਕਿਵੇਂ ਲਾਗੂ ਅਤੇ ਆਗਿਆ ਪਾਲਨ ਕਰ ਸਕਦਾ ਲਈ ਅੱਗੇ ਵੇਖਦੇ ਹੋਏ ਖਰਚ ਕੀਤਾ ਜਾਂਦਾ ਹੈ।

ਇਸ ਸੈਸ਼ਨ ਵਿੱਚ ਤੁਹਾਡਾ ਸਮੂਹ ਇੱਕ 3/3 ਸਮੂਹ ਅਸਲ ਜੀਵਨ ਵਿੱਚ ਇੱਕ ਸੰਪੂਰਨ ਸੰਸਕਰਣ ਲਈ ਤਿਆਰੀ ਵਿੱਚ ਮਦਦ ਲਈ ਇੱਕ ਸੰਖੇਪ ਸੰਸਕਰਣ ਵਿੱਚ ਅਗਵਾਈ ਕੀਤਾ ਜਾਵੇਗਾ। ਕੀ ਤੁਹਾਨੂੰ ਆਤਮਿਕ ਸਾਹ ਉੱਤੇ ਸੈਸ਼ਨ ਯਾਦ ਹੈ? ਅੰਦਰ ਸਾਹ ਲਉ, ਪਰਮੇਸ਼ੁਰ ਤੋਂ ਸੁਣੋ। ਬਾਹਰ ਸਾਹ ਕੱਢੋ, ਜੋ ਤੁਸੀਂ ਸੁਣਿਆ ਹੈ ਉਸ ਦਾ ਆਗਿਆ ਪਾਲਨ ਕਰੋ ਅਤੇ ਇਸ ਨੂੰ ਦੂਜਿਆਂ ਨਾਲ ਵੰਡੋ। ਇਹੋ ਹੀ ਇੱਕ 3/3 ਸਮੂਹ ਸਭ ਕੁਝ ਹੈ। ਇੱਕ 3/3 ਸਮੂਹ ਉਹ ਹੈ ਜਿਹੜਾ ਆਪਣੇ ਇਕੱਠੇ ਹੋਣ ਦੇ ਸਮੇਂ ਨੂੰ 3 ਭਾਗਾਂ ਵਿੱਚ ਵੰਡਦਾ ਹੈ, ਤਾਂ ਜੋ ਉਹ ਪਰਮੇਸ਼ੁਰ ਤੋਂ ਸੁਣਨ ਦਾ ਅਤੇ ਆਗਿਆ ਪਾਲਨ ਕਰਨ ਦਾ ਅਤੇ ਕੁਝ ਸਭ ਤੋਂ ਮਹੱਤਵਪੂਰਣ ਗੱਲਾਂ ਜੋ ਯਿਸੂ ਹੁਕਮ ਦਿੰਦਾ ਹੈ ਨੂੰ ਵੰਡਣ ਦਾ ਅਭਿਆਸ ਕਰ ਸਕੇ।

ਇਹ ਅਭਿਆਸ ਸੈਸ਼ਨ ਇੱਕ ਘੰਟੇ ਤੋਂ ਥੋੜ੍ਹਾ ਜ਼ਿਆਦਾ ਤੱਕ ਦਾ ਹੋਣਾ ਚਾਹੀਦਾ ਹੈ, ਅਤੇ ਇਹ ਛੇਤੀ ਹੀ ਬੀਤ ਜਾਵੇਗਾ। ਜੇਕਰ ਤੁਹਾਡੇ ਕੋਲ ਇੱਕ ਵੱਡਾ ਸਮੂਹ ਹੈ ਜਾਂ ਉਹ ਜਿਸ ਨੂੰ ਗੂੜ੍ਹ ਚਰਚਾ ਕਰਨਾ ਪਸੰਦ ਹੈ, ਤੁਸੀਂ ਸਮੂਹ ਦੇ ਇੱਕ ਮੈਂਬਰ ਨੂੰ ਆਖ ਸਕਦੇ ਹੋ ਕਿ ਉਹ ਘੜੀ ਤੇ ਜਾਂ ਸਮੇਂ ਨਾਲ ਨਿਗਰਾਨੀ ਕਰਨ ਵਿੱਚ ਮਦਦ ਕਰੇ।

ਅਸਲ ਜੀਵਨ ਵਿੱਚ, ਇਹ ਕਦਮ ਇੱਕ ਹੌਲੀ ਗਤੀ ਦੇ ਨਾਲ ਚੱਲਣਗੇ, ਪਰ ਜਦੋਂ ਤੁਸੀਂ ਅਭਿਆਸ ਕਰ ਰਹੇ ਹੋ ਤਾਂ ਅੱਗੇ ਵਧਦੇ ਰੱਖਣਾ ਯਕੀਨੀ ਬਣਾਓ ਤਾਂ ਜੋ ਤੁਹਾਡੇ ਕੋਲ ਸਮਾਂ ਘੱਟ ਨਾ ਜਾਵੇ। ਕਿਸੇ ਵੀ ਕਦਮ ਨੂੰ ਛੱਡੋ ਨਾ – ਉਹ ਸਾਰੇ ਹੀ ਮਹੱਤਵਪੂਰਣ ਹਨ!

ਯਾਦ ਰੱਖੋ ਕਿ ਇੱਕ 3/3 ਸਮੂਹ ਉਸੇ ਤਰ੍ਹਾਂ ਨਹੀਂ ਹੈ ਜਿਵੇਂ ਕਿ ਇੱਕ ਬਾਈਬਲ ਅਧਿਐਨ ਹੁੰਦਾ ਹੈ – ਉਸ ਦਾ ਇੱਕ ਮਕਸਦ ਹੈ! ਇਸ ਅਨੁਭਵ ਨੂੰ ਮਿਲਣ ਦੇ ਇੱਕ ਨਵੇਂ ਢੰਗ ਨੂੰ ਸਿੱਖਣ ਅਤੇ ਇਹ ਵੇਖਣ ਵਜੋਂ ਲਵੋ ਕਿ ਪਰਮੇਸ਼ੁਰ ਨੇ ਤੁਹਾਡੇ ਇਕੱਠੇ ਸਮੇਂ ਲਈ ਕੀ ਯੋਜਨਾ ਬਣਾਈ ਹੈ। ਇਸ ਵਿੱਚ ਜਾਣ ਲਈ ਤਿਆਰ ਹੋ? ਆਓ ਅਸੀਂ ਸ਼ੁਰੂ ਕਰੀਏ!

### ਪਿੱਛੇ ਵੇਖੋ

ਅਸੀਂ ਸਾਡੇ ਸਮੇਂ ਦਾ ਪਹਿਲਾ ਤੀਜਾ ਹਿੱਸਾ ਇੱਕ ਧੰਨਵਾਦ ਦੇਣ, ਸਾਡੇ ਸੰਘਰਸ਼ਾਂ ਨੂੰ ਵੇਖਣ ਅਤੇ ਸਾਡੇ ਸਮੂਹ ਦੇ ਹੋਰਨਾਂ ਮੈਂਬਰਾਂ ਲਈ ਪ੍ਰਾਰਥਨਾ ਕਰਨ ਦੁਆਰਾ ਇੱਕ ਦੂਜੇ ਦੀ ਪਰਵਾਹ ਕਰਨ ਦੁਆਰਾ ਪਿੱਛੇ ਵੇਖਦੇ ਹੋਏ ਬਿਤਾਵਾਂਗੇ। ਅਸੀਂ ਇਹ ਵੇਖਣ ਨੂੰ ਜਾਚਾਂਗੇ ਕਿ ਸਮੂਹ ਵਿੱਚ ਹਰੇਕ ਵਿਅਕਤੀ ਕੋਲ ਆਗਿਆ ਪਾਲਨ ਕਰਨ ਅਤੇ ਜੋ ਉਨ੍ਹਾਂ ਨੇ ਪਿਛਲੀ ਵਾਰ ਜਦੋਂ ਅਸੀਂ ਇਕੱਠੇ ਹੋਣ ਦੇ ਸਮੇਂ ਵਿੱਚ ਸਿੱਖਿਆ ਸੀ ਨੂੰ ਵੰਡਣ ਦਾ ਮੌਕਾ ਮਿਲਿਆ ਸੀ ਜਾਂ ਨਹੀਂ।

#### ਕਦਮ ਇੱਕ – "ਧੰਨਵਾਦ ਦੇਣਾ।"

ਹਰੇਕ ਵਿਅਕਤੀ ਨੂੰ ਕੁਝ ਜਿਸ ਦੇ ਲਈ ਉਹ ਧੰਨਵਾਦੀ ਹੈ ਨੂੰ ਵੰਡਣ ਲਈ ਕੁਝ ਸਮਾਂ ਰੱਖੋ। ਇਸ ਵੀਡੀਓ ਨੂੰ ਰੋਕਣ ਲਈ ਬਟਨ ਦਬਾਓ ਅਤੇ ਹੁਣੇ ਇਸੇ ਸਮੇਂ ਉਸ ਨੂੰ ਕਰੋ...ਕੀ ਇਹ ਤੁਹਾਡੀ ਸਮਝ ਆ ਰਿਹਾ ਹੈ? ਸੱਚਮੁੱਚ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਸ ਨੂੰ ਰੋਕੋ, ਅਤੇ ਤੁਹਾਡੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਕੁਝ ਜਿਸ ਦੇ ਲਈ ਤੁਸੀਂ ਪਰਮੇਸ਼ੁਰ ਦੇ ਧੰਨਵਾਦੀ ਹੋ ਵੰਡਣ ਲਈ ਕਹੋ। ਜਦੋਂ ਤੁਸੀਂ ਵਾਪਸ ਆਓਗੇ ਅਸੀਂ ਇੱਥੇ ਹੀ ਹੋਵਾਂਗੇ। (2 ਮਿੰਟ)।

#### ਕਦਮ ਦੋ – "ਆਪਣੇ ਸੰਘਰਸ਼ਾਂ ਨੂੰ ਵੰਡਣਾ" ਅਤੇ "ਇੱਕ ਦੂਜੇ ਲਈ ਪ੍ਰਾਰਥਨਾ ਕਰਨਾ।"

ਹੁਣ ਤੁਹਾਡੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਸੰਖੇਪ ਵਿੱਚ ਕੁਝ ਜਿਸ ਨਾਲ ਉਹ ਸੰਘਰਸ਼ ਕਰ ਰਹੇ ਹਨ ਵੰਡਣ ਲਈ ਕਹੋ। ਜੋ ਉਨ੍ਹਾਂ ਵੰਡਿਆ ਹੈ ਉਸ ਬਾਰੇ ਕਿਸੇ ਹੋਰ ਨੂੰ ਉਨ੍ਹਾਂ ਲਈ ਪ੍ਰਾਰਥਨਾ ਕਰਨ ਵਾਸਤੇ ਕਹੋ। ਰੁੱਕਣ ਦਾ ਬਟਨ ਦਬਾਉ, ਫਿਰ ਵੰਡੋ ਅਤੇ ਪ੍ਰਾਰਥਨਾ ਕਰੋ। (8 ਮਿੰਟ)

#### ਕਦਮ ਤਿੰਨ – "ਸਮੂਹ ਉੱਤੇ ਫੋਕਸ ਕਰਨਾ।"

ਹਰ ਵਾਰ ਜਦੋਂ ਤੁਸੀਂ ਮਿਲਦੇ ਹੋ, ਤੁਸੀਂ ਕੁਝ ਸਮਾਂ ਲੈਣਾ ਅਤੇ ਯਾਦ ਰੱਖਣਾ ਚਾਹੋਗੇ ਕਿ ਤੁਸੀਂ ਕਿਉਂ ਇਕੱਠੇ ਹੋ – ਪਰਮੇਸ਼ੁਰ ਨੂੰ ਪਿਆਰ ਕਰਨ ਲਈ, ਹੋਰਨਾਂ ਨੂੰ ਪਿਆਰ ਕਰਨ ਲਈ, ਯਿਸੂ ਨੂੰ ਵੰਡਣ ਲਈ, ਅਤੇ ਦੂਜਿਆਂ ਨੂੰ ਉਸ ਬਾਰੇ ਵੰਡਣ ਵਿੱਚ ਸਹਾਇਤਾ ਕਰਨ ਲਈ। ਇੱਥੇ ਸਮੂਹ ਨੂੰ ਮਿਸ਼ਨ ਉੱਤੇ ਫੋਕਸ ਕਰਨ ਲਈ ਬਹੁਤ ਸਾਰੇ ਢੰਗ ਹਨ, ਪਰ ਇਸ ਅਭਿਆਸ ਸੈਸ਼ਨ ਲਈ ਕੋਈ ਮੱਤੀ 22:37-38 ਉੱਚੀ ਅਵਾਜ਼ ਨਾਲ ਸਮੂਹ ਵਿੱਚ ਪੜ੍ਹ ਸਕਦਾ ਹੈ। ਰੁੱਕਣ ਵਾਲਾ ਬਟਨ ਦਬਾਉ, ਫਿਰ ਪੜ੍ਹੋ। (2 ਮਿੰਟ)।

#### ਕਦਮ ਚਾਰ – "ਜਾਂਚਣਾ।"

ਇਹ ਉਹ ਹਿੱਸਾ ਹੈ ਜਿਸ ਨੂੰ ਕੁਝ ਸਮੂਹ ਛੱਡਣਾ ਚਾਹੁੰਦੇ ਹਨ, ਕਿਉਂਕਿ ਦਾ ਅਰਥ ਹੈ ਉਹ ਪ੍ਰਸ਼ਨ ਪੁੱਛਣਾ ਜੋ ਕਈ ਵਾਰ ਮੁਸ਼ਕਿਲ ਹੋ ਸਕਦੇ ਹਨ। ਕਿਰਪਾ ਕਰਕੇ ਇਹ ਛੱਡੋ ਨਾ।

ਯਿਸੂ ਨੂੰ ਆਪਣੇ ਚੇਲਿਆਂ ਨੂੰ ਔਖੇ ਪ੍ਰਸ਼ਨ ਪੁੱਛਣਾ ਕਾਫੀ ਪਸੰਦ ਸੀ। ਜੇਕਰ ਅਸੀਂ ਯਿਸੂ ਵਰਗੇ ਹੋਣਾ ਚਾਹੁੰਦੇ ਹਾਂ, ਸਾਨੂੰ ਵੀ, ਇੱਕ ਦੂਜੇ ਨਾਲ ਅਜਿਹਾ ਕਰਨ ਲਈ ਕਾਫੀ ਪਿਆਰ ਕਰਨਾ ਚਾਹੀਦਾ ਹੈ। ਇਸ ਕਦਮ ਵਿੱਚ, ਤੁਹਾਡੇ ਕੋਲ ਸਮੂਹ ਵਿੱਚ ਹਰੇਕ ਵਿਅਕਤੀ ਦੀ ਰਿਪੋਰਟ ਹੋਵੇਗੀ ਕਿ ਕੀ ਜੋ ਉਨ੍ਹਾਂ ਨੇ ਸੁਣਿਆ ਉਹ ਆਗਿਆ ਪਾਲਨ ਕੀਤਾ ਜਾ ਨਹੀਂ।

ਪਰਮੇਸ਼ੁਰ ਨੇ ਆਖਰੀ ਵਾਰ ਜਦੋਂ ਤੁਸੀਂ ਇਕੱਠੇ ਹੋਏ ਸੀ ਤਾਂ ਉਹ ਕਰਨ ਲਈ ਆਖਿਆ ਸੀ। ਹਰੇਕ ਜ਼ੂਮੇ ਸੈਸ਼ਨ ਵਿੱਚ, ਅਸੀਂ ਸਾਡੇ ਅੱਗੇ ਵੇਖਣ ਦੇ ਕਦਮ ਵਿੱਚ ਇਨ੍ਹਾਂ ਸਮਰਪਣਾਂ ਦਾ ਨਮੂਨਾ ਦਿੱਤਾ ਸੀ ਜਿੱਥੇ ਅਸੀਂ ਤੁਹਾਨੂੰ ਆਗਿਆ ਪਾਲਨ ਕਰਨ, ਵੰਡਣ, ਅਤੇ ਪ੍ਰਾਰਥਨਾ ਕਰਨ ਲਈ ਆਖਿਆ ਸੀ। ਅਸੀਂ ਸਾਡੇ ਪਿੱਛੇ ਵੇਖੋ ਕਦਮ ਵਿੱਚ ਜਵਾਬਦੇਹੀ ਦਾ ਨਮੂਨਾ ਦਿੱਤਾ ਸੀ ਜਿੱਥੇ ਅਸੀਂ ਤੁਹਾਨੂੰ ਉਹੀ ਸਮਰਪਣਾਂ ਨੂੰ ਜਾਂਚਣ ਲਈ ਆਖਿਆ ਸੀ।

ਜੇਕਰ ਤੁਸੀਂ ਹੁਣ ਦੇ ਸਮੇਂ ਤੱਕ ਸਿਖਲਾਈ ਵਿੱਚ ਇਨ੍ਹਾਂ ਕਦਮਾਂ ਉੱਤੇ ਬਹੁਤ ਸਾਰਾ ਸਮਾਂ ਖਰਚ ਕਰ ਰਹੇ ਹੋ, ਇਹ ਸ਼ੁਰੂ ਕਰਨ ਦਾ ਇੱਕ ਚੰਗਾ ਸਮਾਂ ਹੈ।

ਪਰਮੇਸ਼ੁਰ ਨੂੰ ਪਿਆਰ ਕਰਨ ਦਾ ਇੱਕ ਭਾਗ ਉਸ ਦਾ ਆਗਿਆ ਪਾਲਨ ਕਰਨਾ ਹੈ ਜੋ ਉਹ ਸਾਨੂੰ ਕਰਨ ਲਈ ਆਖਦਾ ਹੈ। ਇੱਕ ਦੂਜੇ ਨੂੰ ਪਿਆਰ ਕਰਨ ਦਾ ਇੱਕ ਭਾਗ ਕਿਸੇ ਨੂੰ ਜੋ ਉਹ ਪਰਮੇਸ਼ੁਰ ਤੋਂ ਸੁਣਦੇ ਹਨ ਉਹ ਆਗਿਆ ਪਾਲਨ ਕਰਨ ਵਿੱਚ ਮਦਦ ਕਰਨਾ ਹੈ। ਪਿਆਰ ਦਾ ਅਰਥ ਹੈ ਕਿਸੇ ਨਾਲ ਕੀਤੇ ਸਮਰਪਣਾਂ ਨੂੰ ਗੰਭੀਰਤਾ ਨਾਲ ਲੈਣਾ – ਅਤੇ ਹਰ ਸਮੇਂ ਇੱਕੋ ਜਿਹਾ – ਦਿਯਾਲੂਤਾ ਨਾਲ ਉਨ੍ਹਾਂ ਨੂੰ ਪਿਆਰ ਵਿਖਾਉਣਾ।

ਰੁੱਕਣ ਦਾ ਬਟਨ ਦਬਾਉ ਅਤੇ ਹਰੇਕ ਵਿਅਕਤੀ ਨੂੰ ਹੇਠਾਂ ਦਿੱਤੇ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਕਹੋ:

- ਕੀ ਤੁਸੀਂ ਜੋ ਹੁਣ ਤੱਕ ਸਿੱਖਿਆ ਉਸ ਦਾ ਆਗਿਆ ਪਾਲਨ ਕੀਤਾ ਹੈ?
- ਕੀ ਜੋ ਤੁਸੀਂ ਸਿੱਖਿਆ ਹੈ ਉਸ ਦੀ ਕਿਸੇ ਨੂੰ ਸਿਖਲਾਈ ਦਿੱਤੀ ਹੈ?
- ਜਦੋਂ ਅਸੀਂ ਸਮੂਹ ਵਿੱਚ ਇਕੱਠੇ ਹੋਏ ਸੀ ਉਸ ਸਮੇਂ ਤੋਂ ਬਾਅਦ ਤੁਸੀਂ ਕਿਸ ਨਾਲ ਆਪਣੀ ਕਹਾਣੀ ਜਾਂ ਪਰਮੇਸ਼ੁਰ ਦੀ ਕਹਾਣੀ ਵੰਡੀ ਹੈ?

(12 ਮਿੰਟ)

ਜਦੋਂ ਅਸੀਂ ਸਾਡੇ 3/3 ਸਮੂਹ ਦੇ ਪਿੱਛੇ ਵੇਖੋ ਭਾਗ ਨੂੰ ਸਮਾਪਤ ਕਰਦੇ ਹਾਂ, ਇੱਥੇ ਤੁਹਾਡੇ ਸੈਸ਼ਨ ਦੇ ਹੋਰ ਵੀ ਵਧੀਆ ਹੋਣ ਵਿੱਚ ਮਦਦ ਕਰਨ ਲਈ ਕੁਝ ਹੈ:

**ਜ਼ੂਮੇ ਕੋਚਿੰਗ ਸੁਝਾਅ**

ਕਈ ਵਾਰ ਇੱਕ ਸਮੂਹ ਵਿੱਚ, ਇੱਕ ਵਿਅਕਤੀ ਅਜਿਹਾ ਹੁੰਦਾ ਹੈ ਜਿਹੜਾ ਜ਼ਿਆਦਾਤਰ ਸਮੇਂ ਸਾਰੀ ਗੱਲਬਾਤ ਕਰਦਾ ਹੈ। ਇਸ ਨੂੰ ਹੋਣ ਦੀ ਇਜਾਜ਼ਤ ਨਾ ਦਿਉ। ਸਮੂਹ ਵਿੱਚ ਹਰੇਕ ਮੁੱਲਵਾਨ ਹੈ, ਇਸ ਲਈ ਇਹ ਯਕੀਨੀ ਬਣਾਓ ਕਿ ਹਰੇਕ ਨੂੰ ਵੰਡਣ ਦਾ ਮੌਕਾ ਮਿਲੇ। ਜੇਕਰ ਦੂਜਿਆਂ ਨੂੰ ਬੋਲਣ ਦਾ ਮੌਕਾ ਨਹੀਂ ਮਿਲ ਰਿਹਾ ਹੈ, ਪਿਆਰ ਨਾਲ ਜਿਹੜਾ ਜ਼ਿਆਦਾ ਬੋਲ ਰਿਹਾ ਹੈ ਨੂੰ ਯਾਦ ਕਰਾਉ ਕਿ ਹਰੇਕ ਵਿਅਕਤੀ ਤੋਂ ਸੁਣਨਾ ਹੈ।

**ਉਤਾਂਹ ਵੇਖਣਾ**

ਸਾਡੇ ਇਕੱਠੇ ਹੋਣ ਦੇ ਸਮੇਂ ਦੇ ਤੀਜੇ ਅੱਧ ਵਿੱਚ, ਅਸੀਂ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਪਰਮੇਸ਼ੁਰ ਦੇ ਵਚਨ ਨੂੰ ਚੰਗੀ ਤਰ੍ਹਾਂ ਸਮਝਣ ਵਿੱਚ ਸਾਡੇ ਸਮੂਹ ਦੀ ਅਗਵਾਈ ਕਰਨ ਦਾ ਸੱਦਾ ਦਿੰਦੇ ਹਾਂ। ਅਸੀਂ ਬਾਈਬਲ ਤੋਂ ਉੱਚੀ ਅਵਾਜ਼ ਵਿੱਚ ਇੱਕ ਭਾਗ ਨੂੰ ਪੜ੍ਹਾਂਗੇ ਅਤੇ ਫਿਰ ਸਮੂਹ ਵਜੋਂ ਕੁਝ ਸਾਧਾਰਨ ਪ੍ਰਸ਼ਨ ਪੁੱਛਾਂਗੇ ਅਤੇ ਉੱਤਰ ਦਿਆਂਗੇ ਤਾਂ ਜੋ ਸਮੂਹ ਪਰਮੇਸ਼ੁਰ ਦੇ ਮਕਸਦਾਂ ਅਤੇ ਯੋਜਨਾਵਾਂ ਨੂੰ ਉੱਤਮ ਢੰਗ ਨਾਲ ਖੋਜ ਕਰੇ ਅਤੇ ਸਮਝੇ।

**ਕਦਮ ਇੱਕ – ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਅਗਵਾਈ ਕਰਨ ਦਾ ਸੱਦਾ ਦਿਉ।**

ਪ੍ਰਾਰਥਨਾ ਕਰਨ ਲਈ ਇੱਕ ਪਲ ਕੱਢੋ। ਪਰਮੇਸ਼ੁਰ ਨਾਲ ਸਾਧਾਰਨ ਅਤੇ ਸੰਖੇਪ ਵਿੱਚ ਗੱਲ ਕਰੋ। ਜਿਹੜਾ ਭਾਗ ਤੁਸੀਂ ਪੜ੍ਹਨ ਜਾ ਰਹੇ ਹੋ ਉਹ ਭਾਗ ਤੋਂ ਤੁਹਾਨੂੰ ਪਵਿੱਤਰ ਆਤਮਾ ਨੂੰ ਸਿਖਾਉਣ ਲਈ ਕਹੋ। ਰੁੱਕਣ ਦਾ ਬਟਨ ਦਬਾਉ ਅਤੇ ਪ੍ਰਾਰਥਨਾ ਕਰੋ। (2 ਮਿੰਟ)।

**ਕਦਮ ਦੋ – ਪਰਮੇਸ਼ੁਰ ਦਾ ਵਚਨ ਪੜ੍ਹੋ ਅਤੇ ਪ੍ਰਸ਼ਨ ਪੁੱਛੋ**

ਸਮੂਹ ਦੇ ਵਿੱਚ ਕਿਸੇ ਨੂੰ ਕਹੋ ਕਿ ਬਾਈਬਲ ਵਿੱਚੋਂ ਪੜ੍ਹੇ। ਇਸ ਅਭਿਆਸ ਸੈਸ਼ਨ ਦੇ ਲਈ, ਲੂਕਾ 18:9-14 ਨੂੰ ਪੜ੍ਹੋ। ਜਦੋਂ ਤੁਸੀਂ ਪੜ੍ਹਨਾ ਪੂਰਾ ਕਰ ਲੈਂਦੇ ਹੋ, ਤਾਂ ਸਮੂਹ ਨੂੰ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਹੋ:

- ਤੁਹਾਨੂੰ ਇਸ ਭਾਗ ਬਾਰੇ ਕੀ ਪਸੰਦ ਆਇਆ?
- ਕਿਹੜੀ ਗੱਲ ਤੁਸੀਂ ਚੁਣੌਤੀ ਭਰੀ ਵੇਖੀ ਜਾਂ ਸਮਝਣ ਵਿੱਚ ਮੁਸ਼ਕਿਲ ਲੱਗੀ?

ਜੇਕਰ ਤੁਹਾਡੇ ਸਮੂਹ ਵਿੱਚ ਉਹ ਸਿਰਫ ਮੌਖਿਕ ਵਿਦਿਆਰਥੀ ਹਨ – ਉਹ ਜਿਹੜੇ ਪੜ੍ਹ ਨਹੀਂ ਸਕਦੇ ਹਨ ਜਾਂ ਸੁਣ ਕੇ ਸਿੱਖਣਾ ਪਸੰਦ ਕਰਦੇ ਹਨ – ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਭਾਗ ਨੂੰ ਘੱਟੋ-ਘੱਟ ਦੋ ਵਾਰ ਪੜ੍ਹੋ।

ਰੁੱਕਣ ਦਾ ਬਟਨ ਦਬਾਉ, ਫਿਰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਉ। (10 ਮਿੰਟ)

ਹੁਣ ਕਿਸੇ ਹੋਰ ਨੂੰ ਵੀ ਉਹੀ ਭਾਗ ਨੂੰ ਇੱਕ ਦੂਜੀ ਵਾਰ ਪੜ੍ਹਨ ਲਈ ਕਹੋ, ਅਤੇ ਫਿਰ ਸਮੂਹ ਨੂੰ ਹੇਠਾਂ ਦਿੱਤੇ ਪ੍ਰਸ਼ਨਾਂ ਦਾ ਉੱਤਰ ਦੇਣ ਲਈ ਕਹੋ:

- ਇਸ ਭਾਗ ਤੋਂ ਅਸੀਂ ਲੋਕਾਂ ਬਾਰੇ ਕੀ ਸਿੱਖ ਸਕਦੇ ਹਾਂ?
- ਇਸ ਭਾਗ ਤੋਂ ਅਸੀਂ ਪਰਮੇਸ਼ੁਰ ਬਾਰੇ ਕੀ ਸਿੱਖ ਸਕਦੇ ਹਾਂ?

ਮੂਲ ਭਾਗ ਵਿੱਚ ਹੀ ਬਣੇ ਰਹਿਣਾ ਯਾਦ ਰੱਖੋ ਅਤੇ ਇਸ ਨੂੰ ਸੌਖਾ ਰੱਖੋ! (10 ਮਿੰਟ)।

ਉਹ ਸਾਡੇ 3/3 ਸਮੂਹ ਦੇ ਉਤਾਂਹ ਵੇਖੋ ਭਾਗ ਦਾ ਅੰਤ ਹੈ, ਅਤੇ ਇੱਥੇ ਤੁਹਾਡੇ ਸੈਸ਼ਨ ਨੂੰ ਹੋਰ ਵੀ ਵਧੀਆ ਬਣਾਉਣ ਵਿੱਚ ਮਦਦ ਕਰਨ ਲਈ ਕੁਝ ਹੈ।

**ਜ਼ੂਮੇ ਕੋਚਿੰਗ ਸੁਝਾਅ**

When you're studying God's Word, focus on His words instead of other books, teachers, or opinions. Instead of asking, "What do you think this means?" ask "What does this passage say?" If someone in your group likes to teach, gently remind them that God's Holy Spirit and perfect Word can teach the group. We're all here to learn, together. And don't be afraid of silence or a pause in the discussion. God is working even when it's quiet. Stay focused on His Word, stick to the passage, and trust God to do the rest.

ਜਦੋਂ ਤੁਸੀਂ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰ ਰਹੇ ਹੋ, ਹੋਰਨਾਂ ਕਿਤਾਬਾਂ, ਅਧਿਆਪਕਾਂ, ਜਾਂ ਰਾਏ ਦੀ ਬਜਾਏ ਉਸ ਦੇ ਵਚਨ ਉੱਤੇ ਫੋਕਸ ਕਰੋ। ਇਹ ਪੁੱਛਣ ਦੀ ਬਜਾਏ, "ਤੁਹਾਡੇ ਅਨੁਸਾਰ ਇਸ ਦਾ ਅਰਥ ਕੀ ਹੈ?" ਪੁੱਛੋ "ਇਹ ਭਾਗ ਕੀ ਆਖਦਾ ਹੈ?" ਜੇਕਰ ਤੁਹਾਡੇ ਸਮੂਹ ਵਿੱਚ ਕਿਸੇ ਨੂੰ ਸਿਖਾਉਣਾ ਪਸੰਦ ਹੈ, ਪਿਆਰ ਨਾਲ ਉਨ੍ਹਾਂ ਨੂੰ ਚੇਤੇ ਕਰਾਓ ਕਿ ਪਰਮੇਸ਼ੁਰ ਦਾ ਆਤਮਾ ਅਤੇ ਸਿੱਧ ਵਚਨ ਸਮੂਹ ਨੂੰ ਸਿਖਾ ਸਕਦਾ ਹੈ। ਅਸੀਂ ਸਾਰੇ

ਇਕੱਠੇ, ਇੱਥੇ ਸਿੱਖਣ ਲਈ ਹਾਂ। ਅਤੇ ਚਰਚਾ ਵਿੱਚ ਚੁੱਪੀ ਜਾਂ ਵਿਰਾਮ ਤੋਂ ਨਾ ਡਰੋ। ਪਰਮੇਸ਼ੁਰ ਉਦੋਂ ਵੀ ਕੰਮ ਕਰ ਰਿਹਾ ਹੁੰਦਾ ਹੈ ਜਦੋਂ ਚੁੱਪੀ ਹੁੰਦੀ ਹੈ। ਉਸ ਦੇ ਵਚਨ ਵਿੱਚ ਬਣੇ ਰਹੋ, ਭਾਗ ਵਿੱਚ ਰਹੋ, ਅਤੇ ਬਾਕੀ ਦਾ ਕੰਮ ਕਰਨ ਲਈ ਪਰਮੇਸ਼ੁਰ ਉੱਤੇ ਭਰੋਸਾ ਕਰੋ।

**ਅੱਗੇ ਵੇਖਣਾ**

ਸਾਡੇ ਸਮੇਂ ਦੇ ਆਖਰੀ ਤੀਜੇ ਹਿੱਸੇ ਵਿੱਚ, ਅਸੀਂ ਇਹ ਖੋਜਣ ਲਈ ਅੱਗੇ ਵੇਖਣ ਉੱਤੇ ਫੋਕਸ ਕਰਾਂਗੇ ਕਿ ਕਿਵੇਂ ਅਸੀਂ ਜੋ ਪਰਮੇਸ਼ੁਰ ਦੇ ਵਚਨ ਤੋਂ ਸਿੱਖਿਆ ਹੈ ਦਾ ਆਗਿਆ ਪਾਲਨ ਕਰ ਸਕਦੇ ਅਤੇ ਹੋਰਨਾਂ ਨੂੰ ਸਿਖਾ ਸਕਦੇ ਹਾਂ। ਸਮੂਹ ਦਾ ਹਰੇਕ ਮੈਂਬਰ ਪਰਮੇਸ਼ੁਰ ਨੂੰ ਕੁਝ ਸਾਧਾਰਨ ਪ੍ਰਸ਼ਨ ਪੁੱਛਦਾ ਹੈ ਅਤੇ ਫਿਰ ਪ੍ਰਾਰਥਨਾ ਵਿੱਚ ਉਸ ਦੇ ਉੱਤਰ ਦੀ ਉਡੀਕ ਕਰਦਾ ਹੈ। ਫਿਰ ਅਸੀਂ ਸਾਡੇ ਸਮਰਪਣਾਂ ਨੂੰ ਵੰਡਦੇ ਅਤੇ ਅਭਿਆਸ ਕਰਦੇ ਹਾਂ ਅਤੇ ਇਕੱਠੇ, ਸਾਡੇ ਸਮੇਂ ਨੂੰ ਸਮਾਪਤ ਕਰਨ ਲਈ ਪ੍ਰਾਰਥਨਾ ਕਰਦੇ ਹਾਂ।

**ਕਦਮ 1 – ਪਰਮੇਸ਼ੁਰ ਦੇ ਮਕਸਦ ਲਈ ਪ੍ਰਾਰਥਨਾ ਕਰਨਾ**

ਇੱਥੇ ਤੁਹਾਡੇ ਸਮੂਹ ਵਿੱਚ ਹਰੇਕ ਵਿਅਕਤੀ ਚੁੱਪਚਾਪ ਪ੍ਰਾਰਥਨਾ ਕਰਦਾ ਅਤੇ ਪਰਮੇਸ਼ੁਰ ਤੋਂ ਇਨ੍ਹਾਂ ਪ੍ਰਸ਼ਨਾਂ ਨੂੰ ਪੁੱਛਦਾ ਹੈ:

- ਪਰਮੇਸ਼ੁਰ, ਮੈਂ ਕਿਵੇਂ ਜੋ ਤੁਸੀਂ ਮੈਨੂੰ ਸਿਖਾ ਰਹੇ ਹੋ ਉਸ ਦਾ ਆਗਿਆ ਪਾਲਨ ਅਤੇ ਨੂੰ ਲਾਗੂ ਕਰ ਸਕਦਾ ਹਾਂ?
- ਇਸ ਭਾਗ ਤੋਂ ਮੈਂ ਕਿਸ ਨੂੰ ਸਿਖਾ ਸਕਦਾ ਹਾਂ ਤਾਂ ਜੋ ਉਹ ਹੋਰ ਜ਼ਿਆਦਾ ਤੁਹਾਡਾ ਆਗਿਆ ਪਾਲਨ ਕਰਨਾ ਅਤੇ ਤੁਹਾਨੂੰ ਪਿਆਰ ਕਰਨਾ ਸਿੱਖ ਸਕਣ?
- ਤੁਸੀਂ ਕਿਸ ਨਾਲ ਚਾਹੁੰਦੇ ਹੋ ਕਿ ਮੈਂ ਮੇਰੀ ਗਵਾਹੀ ਜਾਂ ਤੁਹਾਡੀ ਯਿਸੂ ਦੀ ਖੁਸ਼ਖਬਰੀ ਨੂੰ ਵੰਡਾਂ?

ਰੁੱਕਣ ਦਾ ਬਟਨ ਦਬਾਉ ਅਤੇ ਫਿਰ ਪ੍ਰਾਰਥਨਾ ਕਰੋ। (5 ਮਿੰਟ)

ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਕਹੋ ਕਿ ਤੁਹਾਨੂੰ ਖਾਸ ਉੱਤਰ, ਖਾਸ ਨਾਮ, ਅਤੇ ਖਾਸ ਕਦਮ ਦੇਵੇ ਜਿਹੜੇ ਤੁਸੀਂ ਹੁਣ ਅਤੇ ਜਦੋਂ ਸਮੂਹ ਦੁਬਾਰਾ ਇਕੱਠਾ ਹੁੰਦਾ ਹੈ ਦੇ ਵਿਚਕਾਰ ਦੇ ਸਮੇਂ ਦੌਰਾਨ ਲੈ ਸਕਦੇ ਹੋ।

**ਕਦਮ 2 – ਇਕੱਠੇ ਹੋਣ ਦਾ ਸਮਰਪਣ**

ਤੁਹਾਡੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਉਹ ਵੰਡਣ ਲਈ ਕਹੋ ਜੋ ਹਰੇਕ ਪ੍ਰਸ਼ਨ ਲਈ ਪ੍ਰਭੂ ਤੋਂ ਉਨ੍ਹਾਂ ਸੁਣਿਆ ਹੈ। ਹੋ ਸਕਦਾ ਹੈ ਕਿ ਕਿਸੇ ਨੇ ਪਹਿਲੇ, ਦੂਜੇ, ਜਾਂ ਇੱਥੋਂ ਤੱਕ ਕਿ ਸਾਰੇ ਪ੍ਰਸ਼ਨਾਂ ਲਈ ਕੁਝ ਵੀ ਨਾ ਸੁਣਿਆ ਹੋਵੇ। ਉਹ ਸਾਧਾਰਨ ਇਹ ਆਖ ਸਕਦੇ ਹਨ ਕਿ ਉਨ੍ਹਾਂ ਕੁਝ ਨਹੀਂ ਸੁਣਿਆ ਹੈ।

ਪਰ ਚੇਤੇ ਰੱਖੋ, ਸਮੂਹ ਨੂੰ ਪ੍ਰਭੂ ਤੋਂ ਸੁਣਨਾ ਚਾਹੀਦਾ ਹੈ। ਯਿਸੂ ਨੇ ਆਖਿਆ – "ਮੇਰੀ ਭੇਡ ਮੇਰੀ ਅਵਾਜ਼ ਸੁਣਦੀ ਹੈ।" ਅਤੇ ਜਿੰਨੇ ਜ਼ਿਆਦਾ ਖਾਸ ਤੁਹਾਡੇ ਆਗਿਆਕਾਰੀ ਦੇ ਕਦਮ ਹਨ, ਉਨ੍ਹਾਂ ਜ਼ਿਆਦਾ ਇਸ ਤੋਂ ਪਹਿਲਾਂ ਕਿ ਅਸੀਂ ਦੁਬਾਰਾ ਇਕੱਠੇ ਮਿਲੀਏ ਉਨ੍ਹਾਂ ਦਾ ਆਗਿਆ ਪਾਲਨ ਸੌਖਾ ਹੋਵੇਗਾ।

ਰੁੱਕਣ ਦਾ ਬਟਨ ਦਬਾਉ, ਅਤੇ ਫਿਰ ਜੋ ਤੁਸੀਂ ਸੁਣਿਆ ਹੈ ਉਸ ਨੂੰ ਵੰਡੋ। (10 ਮਿੰਟ)

**ਕਦਮ 3 – ਤੁਹਾਡੀ ਯੋਜਨਾ ਦਾ ਅਭਿਆਸ ਕਰਨਾ**

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਇਕੱਠੇ ਹੋਣ ਦੇ ਸਮੇਂ ਨੂੰ ਸਮਾਪਤ ਕਰੋ, ਆਪਣੇ 3/3 ਸਮੂਹ ਨੂੰ ਦੋ ਜਾਂ ਤਿੰਨਾਂ ਦੇ ਛੋਟੇ ਸਮੂਹਾਂ ਵਿੱਚ ਵੰਡੋ ਅਤੇ ਜੋ ਪ੍ਰਭੂ ਨੇ ਤੁਹਾਨੂੰ ਕਰਨ ਲਈ ਆਖਿਆ ਹੈ ਉਸ ਦਾ ਅਭਿਆਸ ਕਰੋ।

ਚੇਤੇ ਰੱਖੋ – ਅਭਿਆਸ ਕਰਨਾ ਆਗਿਆ ਪਾਲਨ ਕਰਨਾ, ਸਿਖਾਉਣਾ ਜਾਂ ਵੰਡਣਾ ਨਹੀਂ ਹੈ, ਪਰ ਇਹ ਤੁਹਾਨੂੰ ਉਨ੍ਹਾਂ ਗੱਲਾਂ ਨੂੰ ਉੱਤਮ ਕਰਨ ਲਈ ਤਿਆਰ ਕਰਦਾ ਹੈ। ਹਰੇਕ ਛੋਟੇ ਸਮੂਹ ਨੂੰ ਪ੍ਰਾਰਥਨਾ ਨਾਲ ਆਪਣੇ ਇਕੱਠੇ ਹੋਣ ਦੇ ਸਮੇਂ ਨੂੰ ਸਮਾਪਤ ਕਰਨ ਲਈ ਕਹੋ। ਉਨ੍ਹਾਂ ਲੋਕਾਂ ਲਈ ਅਤੇ ਯੋਜਨਾਵਾਂ ਜੋ ਪਰਮੇਸ਼ੁਰ ਨੇ ਤੁਹਾਡੇ ਦਿਲਾਂ ਵਿੱਚ ਰੱਖੀਆਂ ਹਨ ਲਈ ਖਾਸ ਪ੍ਰਾਰਥਨਾ ਕਰੋ।

ਜੇਕਰ ਤੁਹਾਡੇ ਸਮੂਹ ਵਿੱਚ ਮੌਖਿਕ-ਵਿਦਿਆਰਥੀ ਹਨ, ਜਿਹੜਾ ਪਰਮੇਸ਼ੁਰ ਦਾ ਵਚਨ ਤੁਸੀਂ ਪਹਿਲਾਂ ਪੜ੍ਹਿਆ ਸੀ ਉਸ ਨੂੰ ਮੁੜ ਤੋਂ ਪੜ੍ਹਨ ਲਈ ਤੁਹਾਡੇ ਅਭਿਆਸ ਸਮੇਂ ਨੂੰ ਅੱਡ ਰੱਖੋ। ਇਹ ਪੂਰੇ ਸਮੂਹ ਨੂੰ ਹੋਰਨਾਂ ਨਾਲ ਜਿੰਨਾ ਨੂੰ ਉਹ ਮੀਟਿੰਗ ਦੇ ਸਮੇਂ ਦੌਰਾਨ ਜਦੋਂ ਉਹ ਦੂਜਿਆਂ ਨਾਲ ਮਿਲਦੇ ਤਾਂ ਵੰਡਣ ਲਈ ਤਿਆਰ ਰੱਖੇਗਾ।

ਰੁੱਕਣ ਦਾ ਬਟਨ ਦਬਾਉ, ਫਿਰ ਸਮੂਹ ਵਿੱਚ ਅਭਿਆਸ ਅਤੇ ਪ੍ਰਾਰਥਨਾ ਕਰਨ ਲਈ ਚਲੇ ਜਾਉ। ਕੋਈ ਵੀ ਜਿਸ ਕੋਲ ਖਾਸ ਸਮਰਪਣ ਨਹੀਂ ਹੈ ਉਸ ਨੂੰ ਆਪਣੀ ਗਵਾਹੀ ਦੀ ਕਹਾਣੀ ਜਾਂ ਪਰਮੇਸ਼ੁਰ ਦੀ ਕਹਾਣੀ ਵੰਡਣ ਦਾ ਅਭਿਆਸ ਕਰਨਾ ਚਾਹੀਦਾ ਹੈ। (10 ਮਿੰਟ)

**ਇਕੱਠੇ ਸਾਡੇ ਸਮੇਂ ਨੂੰ ਪੂਰਾ ਕਰਨਾ**

ਜਦੋਂ ਤੁਸੀਂ ਵਾਪਸ ਆਪਣੇ ਸਮੂਹ ਨੂੰ ਇਕੱਠਾ ਕਰਦੇ ਹੋ, ਜਸ਼ਨ ਮਨਾਉਣ ਲਈ ਇੱਕ ਪਲ ਕੱਢੋ! ਤੁਸੀਂ ਅੱਗੇ ਵੇਖਣ ਦੇ ਭਾਗ ਨੂੰ ਪੂਰਾ ਕਰ ਲਿਆ ਹੈ ਅਤੇ ਹੁਣ ਪੂਰੇ 3/3 ਸਮੂਹ ਪ੍ਰਾਰੂਪ ਦਾ ਅਭਿਆਸ ਕੀਤਾ ਹੈ।

ਤੁਹਾਡਾ ਸਮੂਹ ਬਾਅਦ ਦੇ ਸੈਸ਼ਨਾਂ ਵਿੱਚ ਇਸ ਵੀਡੀਓ ਗਾਈਡ ਤੋਂ ਬਿਨਾਂ ਅਭਿਆਸ ਕਰਨਾ ਜਾਰੀ ਰੱਖੇਗਾ। ਇਸ ਪ੍ਰਕਿਰਿਆ ਰਾਹੀਂ ਹੋਰਨਾਂ ਨੂੰ ਸਮੂਹ ਦੀ ਵਾਰੀ-ਵਾਰੀ ਅਗਵਾਈ ਕਰਨ ਲਈ ਕਹੋ। ਤੁਹਾਨੂੰ ਇੱਕ ਵਰਦਾਨ ਪਾਇਆ ਹੋਇਆ ਸਿੱਖਿਅਕ ਹੋਣ ਦੀ ਲੋੜ ਨਹੀਂ ਹੈ, ਸਿਰਫ ਇਨ੍ਹਾਂ ਸਾਧਾਰਨ ਕਦਮਾਂ ਦਾ ਅਨੁਸਰਣ ਕਰੋ। ਤੁਹਾਡੇ ਜਾਣ ਤੋਂ ਪਹਿਲਾਂ, ਇੱਥੇ ਤੁਹਾਡੇ ਸੈਸ਼ਨ ਦੇ ਹੋਰ ਵੀ ਵਧੀਆ ਹੋਣ ਲਈ ਇੱਕ ਹੋਰ ਸੁਝਾਅ ਹੈ।

**ਜ਼ੁਮੇ ਕੋਚਿੰਗ ਸੁਝਾਅ**

ਪੂਰੇ ਸੰਸਾਰ ਭਰ ਵਿੱਚ, 3/3 ਸਮੂਹ ਅਕਸਰ ਆਪਣੇ ਇਕੱਠੇ ਹੋਣ ਦੇ ਸਮੇਂ ਦੇ ਇੱਕ ਭਾਗ ਵਜੋਂ ਪ੍ਰਭੂ ਭੋਜ ਵਿੱਚ, ਜਾਂ ਇੱਕ ਭੋਜਨ ਵਿੱਚ ਅਤੇ ਜ਼ਿਆਦਾ ਸਰਸਰੀ ਗੱਲਬਾਤ ਵਿੱਚ ਸਾਂਝੀ ਹੁੰਦੇ ਹਨ। ਪਰਮੇਸ਼ੁਰ ਨੇ ਸਾਨੂੰ ਇਸ ਕਿਸਮ ਦੀ ਸੰਗਤੀ ਦਿੱਤੀ ਹੈ – ਮਿੱਥ ਕੇ ਸਿੱਖਣਾ ਅਤੇ ਵਧਣਾ ਅਤੇ ਮਿੱਥ ਕੇ ਜੀਵਨ ਬਿਤਾਉਣਾ ਅਤੇ ਸੰਬੰਧ ਰੱਖਣਾ ਤਾਂ ਜੋ ਸਾਡੀ ਹੋਰ ਜ਼ਿਆਦਾ ਉਸ ਦੇ ਪੁੱਤਰ, ਯਿਸੂ ਵਰਗਾ ਹੋਣ ਲਈ ਬਲ ਮਿਲੇ, ਉਤਸ਼ਾਹਿਤ ਹੋਣ

ਅਤੇ ਨਿਰਮਾਣ ਹੋਣ ਵਿੱਚ ਸਹਾਇਤਾ ਮਿਲੇ।

ਅਤੇ ਹੁਣ ਸਮਾਪਤ ਹੈ – ਤੁਹਾਡੇ ਸਮੂਹ ਨੇ ਸਾਰੇ ਤਿੰਨ ਭਾਗਾਂ ਦਾ ਅਭਿਆਸ ਕਰ ਲਿਆ ਹੈ – ਪਿਛਲੀ ਵਾਰ ਜਦੋਂ ਅਸੀਂ ਮਿਲੇ ਸੀ ਉਦੋਂ ਤੋਂ ਅਸੀਂ ਕੀ ਪੂਰਾ ਕੀਤਾ ਹੈ ਨੂੰ ਵਾਪਸ ਪਿੱਛੇ ਵੇਖਣਾ, ਇਸ ਸਾਡੇ ਇਕੱਠੇ ਹੋਣ ਦੇ ਸਮੇਂ ਵਿੱਚ ਜੋ ਸਾਡੇ ਸਿੱਖਣ ਲਈ ਪਰਮੇਸ਼ੁਰ ਕੋਲ ਹੈ ਨੂੰ ਸਮਝਣ ਲਈ ਉਤਾਂਹ ਵੇਖਣਾ, ਅਤੇ ਜੋ ਪਰਮੇਸ਼ੁਰ ਨੇ ਸਾਡੇ ਦਿਲਾਂ ਵਿੱਚ ਰੱਖਿਆ ਹੈ ਉਹ ਜਦੋਂ ਅਸੀਂ ਅੱਡ ਹੁੰਦੇ ਹਾਂ ਕਿਰਿਆ ਵਿੱਚ ਲਿਆਉਣ ਲਈ ਅੱਗੇ ਵੇਖਣਾ।

3/3 ਸਮੂਹ – ਇਕੱਠੇ ਹੋਣ ਦਾ ਇੱਕ ਸਾਧਾਰਨ ਅਤੇ ਵਿਵਹਾਰਿਕ ਢੰਗ ਜਿਹੜਾ ਸਾਨੂੰ ਹੋਰ ਜ਼ਿਆਦਾ ਯਿਸੂ ਵਰਗੇ ਬਣਨ ਵਿੱਚ ਮਦਦ ਕਰਦਾ ਹੈ।

---

## ਚਰਚਾ ਕਰੋ

**(10 ਮਿੰਟ)**

- ਕੀ ਤੁਸੀਂ ਇੱਕ 3/3 ਸਮੂਹ ਅਤੇ ਇੱਕ ਬਾਈਬਲ ਅਧਿਐਨ ਜਾਂ ਛੋਟੇ ਸਮੂਹ ਵਿਚਕਾਰ ਜਿਸ ਦੇ ਤੁਸੀਂ ਅਤੀਤ ਵਿੱਚ ਇੱਕ ਹਿੱਸਾ ਰਹੇ (ਜਾਂ ਬਾਰੇ ਸੁਣਿਆ ਸੀ) ਕੋਈ ਫ਼ਰਕ ਉੱਤੇ ਧਿਆਨ ਦਿੱਤਾ ਹੈ? ਜੇਕਰ ਹਾਂ, ਇਹ ਫ਼ਰਕ ਸਮੂਹ ਉੱਤੇ ਕਿਵੇਂ ਪ੍ਰਭਾਅ ਪਾਉਣਗੇ?
- ਕੀ 3/3 ਸਮੂਹ ਇੱਕ ਸਾਧਾਰਨ ਚਰਚ ਗਿਣਿਆ ਜਾ ਸਕਦਾ ਹੈ? ਕਿਉਂ ਜਾ ਕਿਉਂ ਨਹੀਂ?

---

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ ਸੁਣੇ ਗਏ ਸਿਧਾਂਤ:**

- ਵਫ਼ਾਦਾਰੀ ਗਿਆਨ ਨਾਲੋਂ ਉੱਤਮ ਹੈ

**ਇਸ ਸੈਸ਼ਨ ਵਿੱਚ ਸੁਣੇ ਗਏ ਸਾਧਨ:**

- 3/3 ਸਮੂਹ ਮੀਟਿੰਗ

---

**ਅਗਲਾ ਕਦਮ**

## ਆਗਿਆ ਪਾਲਨ ਕਰੋ

ਇਸ ਹਫ਼ਤੇ ਜੋ ਤੁਸੀਂ 3/3 ਸਮੂਹ ਅਭਿਆਸ ਦੌਰਾਨ ਸਮਪਰਣ ਕੀਤੇ ਸਨ ਉਨ੍ਹਾਂ ਉੱਤੇ ਅਧਾਰਿਤ ਆਗਿਆ ਪਾਲਨ ਕਰਨ, ਸਿਖਲਾਈ ਦੇਣ ਅਤੇ ਵੰਡਣ ਲਈ ਕੀ ਸਮਾਂ ਖਰਚ ਕੀਤਾ ਹੈ.

## ਵੰਡੋ

ਪ੍ਰਾਰਥਨਾ ਕਰੋ ਅਤੇ ਪਰਮੇਸ਼ੁਰ ਨੂੰ ਪੁੱਛੋ ਕਿ ਤੁਹਾਡੇ ਸਮੂਹ ਦੇ ਦੁਬਾਰਾ ਇਕੱਠੇ ਹੋਣ ਤੋਂ ਪਹਿਲਾਂ ਉਹ ਕਿਸ ਦੇ ਨਾਲ ਚਾਹੁੰਦਾ ਹੈ ਕਿ ਤੁਸੀਂ 3/3 ਸਮੂਹ ਪ੍ਰਾਰੂਪ ਨੂੰ ਵੰਡੋ। ਤੁਹਾਡੇ ਜਾਣ ਤੋਂ ਪਹਿਲਾਂ ਸਮੂਹ ਨਾਲ ਉਸ ਵਿਅਕਤੀ ਦੇ ਨਾਮ ਨੂੰ ਵੰਡੋ।

ZÚME

ਵਿਸਤ੍ਰਿਤ ਸੈਸ਼ਨ 4

## ਚੈਕਇੰਨ

**(1 ਮਿੰਟ)**

ਸਾਰੇ ਭਾਗ ਲੈਣ ਵਾਲਿਆਂ ਅਤੇ ਫੈਸਿਲੀਟੇਟਰ ਨੂੰ ਚੈਕਇੰਨ ਕਰੋ।

ਜਾਂ zume.training/checkin ਅਤੇ ਕੋਡ ਦੀ ਵਰਤੋਂ ਕਰੋ: **4329**

## ਪ੍ਰਾਰਥਨਾ ਕਰੋ

**(5 ਮਿੰਟ)**

ਪ੍ਰਾਰਥਨਾ ਕਰੋ ਅਤੇ ਯਿਸੂ ਦੇ ਪਿੱਛੇ ਵਫ਼ਾਦਾਰੀ ਨਾਲ ਚੱਲਣ ਲਈ ਸਮੂਹ ਦੇ ਸਮਪਰਣ ਲਈ ਧੰਨਵਾਦ ਦਿਉ ਅਤੇ ਤੁਹਾਡੇ ਇਕੱਠੇ ਸਮੇਂ ਵਿੱਚ ਅਗਵਾਈ ਕਰਨ ਲਈ ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਸੱਦਾ ਦਿਉ।

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ, ਅਸੀਂ ਇਸ ਸਿਧਾਂਤ ਨੂੰ ਸੁਣਾਂਗੇ ਅਤੇ ਚਰਚਾ ਕਰਾਂਗੇ:**

- ਸਿਖਲਾਈ ਚੱਕਰ

**ਅਤੇ ਅਸੀਂ ਸਾਡੀ ਟੂਲਕਿੱਟ ਵਿੱਚ ਇਸ ਸਾਧਨ ਨੂੰ ਜੋੜਾਂਗੇ:**

- 3/3 ਸਮੂਹ ਮੀਟਿੰਗ

---

## ਪੜ੍ਹੋ

**(5 ਮਿੰਟ)**

**ਸਿਖਲਾਈ ਚੱਕਰ**

ਇਸ ਸੇਸ਼ਨ ਵਿੱਚ, ਅਸੀਂ ਓਹ ਸਿਖਲਾਈ ਲਵਾਂਗੇ ਜੋ ਇਕ ਤੋਂ ਬਹੁਤੀਆਂ ਤਕ ਜਾਣ ਵਿੱਚ ਚੇਲਿਆਂ ਦੀ ਮਦਦ ਕਰਦਾ ਹੈ ਅਤੇ ਇਕ ਮਿਸ਼ਨ ਨੂੰ ਮੁਹਿਮ ਵਿੱਚ ਬਦਲ ਦਿੰਦਾ ਹੈ।

ਕਿ ਤੁਸੀਂ ਕਦੇ ਸਾਯਕਲ ਤੇ ਚੜਨਾ ਸਿਖਿਆ ਹੈ ? ਕਿ ਤੁਸੀਂ ਸਿਖਣ ਵਿੱਚ ਕਿਸੇ ਦੁੱਜੇ ਦੀ ਸਹਾਇਤਾ ਕੀਤੀ ਹੈ ? ਜੇਅਜਿਹਾ ਹੈ, ਤਾਂ ਤੁਸੀਂ ਸ਼ਾਇਦTraining Cycle ਦੇ ਬਾਰੇ ਚ ਜਾਣਦੇ ਹੋ।

ਇਹਨਮੂਨਾ, ਸਹਾਇਤਾ ਕਰਨਾ, ਵੇਖਣਾ ਤੇ ਛਡਣਾ ਵਾਂਗ ਸੌਖਾ ਹੈ। ਇਕਸਾਯਕਲ ਤੇ ਚੜਨ ਤੋਂ ਪਹਿਲਾਂ, ਤੁਸੀਂ ਸ਼ਾਇਦ  ਕਿਸੇ ਦੂਜੇ ਨੂੰ ਇਸ ਤੇ ਚੜਦੇ ਵੇਖਿਆ ਹੋਵੇਗਾ।

ਇਹ ਨਮੂਨਾ ਹੈ।

**ਨਮੂਨਾ**, ਸਹਾਇਤਾ ਕਰਨਾ, ਵੇਖਣਾ ਤੇ ਛਡਣਾ।

ਨਮੂਨਾ: ਜਾਨੇ ਕਿਸੇ ਦੂਜੇ ਨੂੰ ਇਕ ਮਿਸਾਲ ਬਣ ਕੇ ਦਸਣਾ ਕਿ ਇਸਨੂੰ ਕਿਵੇਂ ਕਰਦੇ ਹਨ। ਜਦੋਂ ਇਕ ਬੱਚਾ ਪਹਿਲੀ ਵਾਰ ਕਿਸੇ ਦੂਜੇ  ਨੂੰ  ਬਾਈਕ ਚਲਾਂਦੇ ਹੋਏ ਦੇਖਦਾ ਹੈ, ਤਾਂ ਓਹ ਓਸਵਿਚਾਰ ਨੂੰ ਪਕੜ ਲੈਂਦਾ ਹੈ। ਨਮੂਨਾ ਇਸੇ ਵਾਂਗ  ਹੁੰਦਾ ਹੈ – ਇਸਨੂੰ ਬਾਰ – ਬਾਰ ਕਰਨ ਦੀ ਲੋੜ ਨਹੀ ਹੈ, ਤੇ ਆਮਤੌਰ ਤੇ ਇਸਨੂੰ ਸਿਰਫ਼ ਇਕ ਵਾਰ ਕਰਨ ਦੀ ਲੋੜ ਪੈਂਦੀ ਹੈ।

ਸੋਚੋ ਜਦੋਂ ਤੁਸੀਂ ਪਹਿਲੀ ਵਾਰ ਬਾਈਕ ਚਲਾਈ ਸੀ, ਕੀ ਤੁਸੀਂ ਸਿਰਫ਼ ਦੇਖਣਾ ਚਾਹੁੰਦੇ ਹੋ? ਜਾਂ ਤੁਸੀਂ ਇਸਨੂੰ ਚਲਾਣ ? ਦੇ ਲਈ ਉਤਸੁਕ ਸੀ ? ਕਿ ਹੁੰਦਾ ਜੇ ਕੋਈ ਤੁਹਾਨੂੰ ਇਹ ਕਰਨ ਦਾ ਮੌਕਾ ਨਾ ਦਿੰਦਾ ?

ਬੋਹਤ ਜ਼ਿਆਦਾ ਨਮੂਨਾ ਵਿਖਾਣਾ ਸਿਖਲਾਈ cycle ਲਈ ਨੁਕਸਾਨਦੇਹ ਹੋ ਸਕਦਾ ਹੈ। ਨਮੂਨਾ ਵਿਖਾਣਾ ਮਤਲਬ ਕਿਸੇ ਨੂੰ ਥੋੜਾ ਜਿਹਾ ਕਰਕੇ ਵਿਖਾਣਾ ਤੇ ਬਾਕ਼ੀ ਉਸਨੂੰ ਕਰਨ ਦੇਣਾ। ਤੇ ਪਹਿਲੀ ਵਾਰ ਸਵਾਰੀ ਕਰਨ ਤੇ ਕਿ ਹੋਇਆ ਸੀ ? ਕੀ ਓਹ ਸਾਯਕਲ ਦੇਣ ਤੋਂ ਬਾਦ ਛੱਡ ਕੇ ਚਲੇ ਗਏ ?

ਸ਼ਾਇਦ ਨਹੀ। ਜਦੋਂ ਬੋਹਤ ਸਾਰੇ ਲੋਕੀ ਬਾਈਕ ਚਲਾਣਾ ਸਿਖਦੇ ਹਨ, ਤਾਂ ਪਹਿਲੇ ਕੁਝ ਕਦਮ ਤੁਹਾਡੇ ਨਾਲ ਕੋਈ ਚੱਲ ਰਿਹਾ ਹੁੰਦਾ ਹੈ, ਤੁਹਾਨੂੰ ਸਹੀ ਰਸਤਾ ਵਿਖਾਂਦੇ ਹੋਏ।

ਇਹ ਸਹਾਇਤਾ ਕਰਨਾ ਹੈ।

ਨਮੂਨਾ ਵਿਖਾਣਾ, **ਸਹਾਇਤਾ ਕਰਨਾ**, ਵੇਖਣਾ ਅਤੇ ਛਡਣਾ।

ਸਹਾਇਤਾ ਕਰਨਾ ਜਾਨੇ ਕਿਸੇ ਸਿਖਣ ਵਾਲੇ ਨੂੰ ਕਿਸੇ ਹੁਨਰ ਦਾ ਅਭਿਆਸ ਕਰਨ ਦੇਣਾ ਪਰ ਇਸ ਗੱਲ ਦਾ ਵੀ ਧਿਆਨ ਰਖਣਾ ਕਿ ਓਹ ਬੁਰੀ ਤਰਾਂ ਨਾ ਗਿਰੇ। ਸਹਾਇਤਾ ਕਰਨ ਚ ਨਮੂਨਾ ਵਿਖਾਣ ਤੋਂ ਵੱਧ ਸਮਾਂ ਲਗਦਾ ਹੈ, ਪਰ ਬੋਹਤ ਜ਼ਿਆਦਾ ਨਹੀ। ਇਸ ਵਿੱਚ ਹਥਾਂ ਨਾਲ ਪਕੜਨਾ, ਥੋੜੀ ਦਿਸ਼ਾ ਵਿਖਾਣਾ ਅਤੇ ਥੋੜਾ ਸਿਖਾਣਾ ਪੈਂਦਾ ਹੈ, ਪਰ ਇਹ ਸਿਰਫ਼ ਬੁਨਿਆਦੀ ਚੀਜ਼ਾਂ ਹਨ। ਇਹ ਕਿਸੇ ਨੂੰ ਸਿੱਧਬਨਾਣਾ ਨਹੀ ਹੈ। ਇਹ ਓਨਾਂ ਨੂੰ ਪੈਡਲ ਮਾਰਨਾ ਸਿਖਾਣਾ ਹੈ।

ਕੀ ਤੁਸੀਂ ਕਲਪਨਾ ਕਰ ਸਕਦੇ ਹੋ, ਜਦੋਂ ਤੁਸੀਂ ਤੇਜ਼ੀ ਨਾਲ ਪੈਡਲ ਮਾਰਿਆ ਅਤੇ ਥੋੜੀ ਰਫਤਾਰ ਪਕੜ ਲਈ ਤਾਂ ਵੀ ਕੋਈ ਤੁਹਾਡੇ ਨਾਲ ਨਾਲ ਦੌੜ ਰਿਹਾ ਸੀ ? ਓਹ ਜ਼ਿਆਦਾ ਦੇਰ ਤਕ ਨਹੀ ਰਹਿ ਪਾਉਣਗੇ, ਅਤੇ ਤੁਸੀਂ ਕਦੇ ਵੀ ਸੰਤੁਲਨ ਬਣਾਈ ਰਖਣਾ ਨਹੀ ਸਿਖ ਸਕੋਗੇ।

ਸਹਾਇਤਾ ਕਰਨਾ ਜਾਨੇ ਕਿਸੇ ਨੂੰ ਅੱਗੇ ਵਧਾਣਾ ਤੇ ਓਨਾਂ ਨੂੰ ਖੁਦ ਥੋੜੀ ਮੇਹਨਤ ਕਰਨ ਦੇਣਾ। ਅਤੇ ਜਦੋਂ ਓਹ ਵਧਣਾ ਸ਼ੁਰੂ ਕਰ ਦਿੰਦੇ ਹਨ, ਓਦੋਂ ਓਹ ਸਿਖਣ ਵਾਲਿਆਂ ਨੂੰ ਨਮੂਨਾ ਦੱਸ ਰਹੇ ਹੁੰਦੇ ਹਨ। ਜਦੋਂ ਕਿਸੇ ਹੋਰ ਦਾ ਹੱਥ ਬਾਈਕ ਤੇ ਨਹੀ ਹੁੰਦਾ, ਤਾਂ ਇਸਦਾ ਮਤਲਬ ਇਹ ਨਹੀ ਕਿ ਤੁਸੀਂ ਕੱਲੇ ਹੋ। ਆਮਤੌਰ ਤੇ ਕਿਸੇ ਦੀ ਨਜ਼ਰ ਤੁਹਾਡੇ ਤੇ ਰਹਿੰਦੀ ਹੈ – ਪਰ ਦੂਰੋਂ।

ਇਹ ਵੇਖਣਾ ਹੈ।

ਨਮੂਨਾ, ਸਹਾਇਤਾ, **ਵੇਖਣਾ** ਅਤੇ ਛੱਡਣਾ।

ਵੇਖਣਾ ਜਾਨੇ ਆਪਣੇ ਹੁਨਰ ਚ ਸਮਰਥ ਹੋਣ ਤਕ ਸਿਖਣ ਵਾਲੇ ਨੂੰ ਪ੍ਰਭਾਵਿਤ ਕਰਨਾ, ਓਹ ਵੀ ਦਖਲਅੰਦਾਜੀ ਨੂੰ ਕਾਬੂ ਕਰਦੇ ਹੋਏ। ਬਾਈਕ ਚਲਾਣ ਚ, ਕੋਈ ਉਠ ਕੇ ਛੇਤੀ ਨਾਲ ਜਾ ਸਕਦਾ ਹੈ, ਪਰ ਇਸਦਾ ਮਤਲਬ ਇਹ ਨਹੀ ਕਿ ਓਹਨਾਂ ਨੂੰਸੜਕ ਦੇ ਸਾਰੇ ਨਿਯਮ ਪਤਾ ਹਨ। ਨਿਗਰਾਨੀ ਕਰਨਾ ਜਾਨੇ ਇਹਪੱਕਾ ਕਰਨਾ ਹੈ ਕਿ ਕਿਸੇ ਦੇ ਆਸੇ - ਪਾਸੇ ਨਾ ਹੋਣ ਤੇ ਵੀ ਓਹ ਬੰਦਾ ਸੁਰਖਿਅਤ ਹੈ ਅਤੇ ਇਹ ਵੀ ਪੱਕਾ ਕਰਨਾ ਕਿ ਓਸ ਬੰਦੇ ਨੂੰ ਪਤਾ ਹੈ ਕਿ ਕੀ ਕਰਨਾ ਹੈ ਅਤੇ ਓਹ ਇਸਨੂੰ ਕਰਨਗੇ ਵੀ – ਤਾਂ ਵੀ ਜਦੋਂ ਓਨਾਂ ਨੂੰ ਕੋਈ ਨਾ ਵੀ ਵੇਖ ਰਿਹਾ ਹੋਵੇ।

ਸਿਖਲਾਈਲੜੀਵਾਰ ਦੇ ਇਸ ਹਿੱਸੇ ਵਿੱਚ, ਸਿਖਣ ਵਾਲਾ ਵੱਧ ਕੇ ਦੂਜੇਆਂ ਨੂੰ ਸਿਖਾਏਗਾ ਕਿ ਕਿਵੇਂ ਵਧਦੇ ਹਨ ... ਫੇਰ ਓਹ ਦੂਜੇਆਂ ਨੂੰ ਵਧਣਾ ਸਿਖਾਣਗੇ – ਫੇਰ ਓਹ ਦੂਜੇਆਂ ਨੂੰ ਵਧਣਾ ਸਿਖਾਉਣਗੇ। ਚੇਲੇ ਜੋ ਚੇਲੇ ਬਣਾਉਂਦੇ ਹਨ, ਜੋ ਚੇਲੇ ਬਣਾਉਂਦੇ ਹਨ, ਜੋ ਚੇਲੇ ਬਣਾਉਂਦੇ ਹਨ। ਤਿੱਜੀ ਤੋਂ ਚੋਥੀ ਪੀੜ੍ਹੀ ਤਕ।

ਨਿਗਰਾਨੀ ਰਖਣਾ ਜਾਨੇ ਇਹ ਪੱਕਾ ਕਰਨਾ ਹੈ ਕਿ ਸਿਖਣ ਵਾਲਾ ਵੱਡਾ ਹੋ ਰਿਹਾ ਹੈ ਅਤੇ ਓਹ ਦੂਜਿਆਂ ਦੀ ਸਹਾਇਤਾ ਕਰਨ ਦੇ ਲਈ ਇਛੁਕ ਅਤੇ ਸਮਰਥ ਹੈ। ਥੋੜ੍ਹੇ ਸਮੇਂ ਤਕ ਨਿਗਰਾਨੀ ਰਖਣੀ ਜਰੂਰੀ ਹੈ। ਨਮੂਨਾ ਵਿਖਾਣ ਅਤੇ ਸਹਾਇਤਾ ਕਰਨ, ਦੋਨੋ ਵਿੱਚ ਦੱਸ ਗੁਣਾ ਵੱਧ ਸਮਾਂ ਲੱਗ ਸਕਦਾ ਹੈ। ਪਰ ਇੰਤਜ਼ਾਰ ਕਰਨਾ ਸਹੀ ਹੋਵੇਗਾ। ਆਖਿਰਕਾਰ– ਸਵਾਰ ਬਾਈਕ ਚਲਾਂਦਾ ਹੈ।

ਛੱਡ ਦੇਣਾ ਇਸੇ ਬਾਰੇ ਚ ਹੈ।

ਨਮੂਨਾ, ਸਹਾਇਤਾ ਕਰਨਾ, ਦੇਖਣਾਅਤੇ **ਛੱਡਣਾ**।

ਛੱਡ ਦੇਣਾ ਗ੍ਰੇਜੁਏਟਹੋਣ ਵਾਂਗ ਹੈ। ਇਕ ਸਿਖਿਆਰਥੀ ਇਕ ਸਿਖਿਅਕ ਬਣ ਜਾਂਦਾ ਹੈ। ਇਕ ਕਰਮਚਾਰੀ ਸਹਿਕਰਮੀ ਬਣ ਜਾਂਦਾ ਹੈ। ਇਕ ਚੇਲਾ ਇਕ ਮਿੱਤਰ ਬਣ ਜਾਂਦਾ ਹੈ। ਬਾਈਕ ਚਲਾਣ ਵਿੱਚ, ਜੋ ਤੁਹਾਨੂੰ ਚਲਾਣਾ ਸਿਖਾਂਦਾ ਹੈ, ਓਹ ਹਰ ਵਾਰ ਤੁਹਾਡੇ ਨਾਲ ਨਹੀ ਜਾਂਦਾ। ਸ਼ਾਇਦ ਕਦੇ –ਕਦਾਂ ਜਾਵੇ ਵੀ, ਕਦੇ-ਕਦੇ ਤੁਸੀਂ ਅਲਗ ਤੋਂ, ਜਾਂ ਦੂਜਿਆਂ ਦੇ ਨਾਲ, ਜਾਂ ਕੱਲੇ ਵੀ ਯਾਤਰਾ ਕਰ ਸਕਦੇ ਹੋ।

ਛੱਡਣਾ ਜਾਨੇ ਜਿਸ ਨਾਲ ਤੁਸੀਂ ਪ੍ਰੇਮ ਕਰਦੇ ਹੋ ਓਸ ਬੰਦੇ ਨੂੰ ਅੰਤਮ ਭੇਂਟ ਦੇਣਾ – ਆਜ਼ਾਦੀ ਦੀ ਭੇਂਟ। ਛੱਡਣਾ ਜਾਨੇ ਕਿਸੇ ਨੂੰ ਓਥੇ ਜਾਣ ਦੇ ਲਈ ਤਿਆਰ ਕਰਨਾ ਜਿਥੇ ਤੁਸੀਂ ਪਹਿਲਾਂ ਹੀ ਪੁੱਜ ਚੁਕੇ ਹੋ ਪਰ ਓਨਾਂ ਨੂੰ ਓਥੇ ਜਾਣ ਲਈ ਵੀ ਉਤਸ਼ਾਹਤ ਕਰਨਾ ਜਿਥੇ ਤੁਸੀਂ ਹਾਲੇ ਤਕ ਨਹੀ ਗਏ ਹੋ।

ਨਮੂਨਾ, ਸਹਾਇਤਾ ਕਰਨਾ, ਵੇਖਣਾ ਅਤੇ ਛੱਡਣਾ। ਟ੍ਰੇਨਿੰਗਸਾਯਕਲ।

ਇਕ ਤੋਂ ਬੋਹਤਿਆਂ ਤਕ। ਇਕ ਮਿਸ਼ਨ ਤੋਂ ਇਕ ਮੁਹਿਮ ਤਕ।

## ਚਰਚਾ ਕਰੋ

**(10 ਮਿੰਟ)**

- ਕੀ ਤੁਸੀਂ ਕਦੇ ਇੱਕ ਸਿਖਲਾਈ ਚੱਕਰ ਦਾ ਹਿੱਸਾ ਰਹੇ ਹੋ?
- ਤੁਸੀਂ ਕਿਸ ਨੂੰ ਸਿਖਲਾਈ ਦਿੱਤੀ ਸੀ? ਜਾਂ ਤੁਹਾਨੂੰ ਕਿਸ ਨੇ ਸਿਖਲਾਈ ਦਿੱਤੀ ਸੀ?
- ਕੀ ਉਹੀ ਵਿਅਕਤੀ ਵੱਖ-ਵੱਖ ਹੁਨਰਾਂ ਨੂੰ ਸਿੱਖਦੇ ਹੋਏ ਸਿਖਲਾਈ ਚੱਕਰ ਦੇ ਵੱਖ-ਵੱਖ ਭਾਗਾਂ ਵਿੱਚ ਹੋ ਸਕਦਾ ਹੈ?
- ਅਜਿਹੇ ਕਿਸੇ ਵਿਅਕਤੀ ਨੂੰ ਸਿਖਲਾਈ ਦੇਣਾ ਕਿਵੇਂ ਦਾ ਦਿਖਾਈ ਦੇ ਸਕਦਾ ਹੈ?

## ਕਿਰਿਆ

**(60 - 90 ਮਿੰਟ)**

**3/3 ਸਮੂਹ ਮੀਟਿੰਗ**

- ਪਿੱਛੇ ਵੇਖੋ – ਪਿਛਲੇ ਸੈਸ਼ਨ ਨੂੰ ਆਗਿਆ ਪਾਲਨ ਕਰਨ, ਸਿਖਾਉਣ, ਅਤੇ ਇੱਕ ਦੂਜੇ ਨਾਲ ਚੈਕਇੰਨ ਦੀਆਂ ਚੁਣੌਤੀਆਂ ਨੂੰ ਵੰਡਣ ਲਈ ਵਰਤੋ। (30 ਮਿੰਟ)
- ਉਤਾਂਹ ਵੇਖੋ – ਮਰਕੁਸ 5:1-20 ਨੂੰ ਆਪਣੇ ਸਮੂਹ ਲਈ ਪੜ੍ਹਨ ਦੇ ਭਾਗ ਵਜੋਂ ਵਰਤੋ ਅਤੇ ਉਤਾਂਹ ਵੇਖੋ ਭਾਗ ਦੌਰਾਨ ਪ੍ਰਸ਼ਨਾਂ 1-4 ਦਾ ਉੱਤਰ ਦਿਉ। (30 ਮਿੰਟ)
- ਅੱਗੇ ਵੇਖੋ – ਪ੍ਰਸ਼ਨਾਂ 5, 6, ਅਤੇ 7 ਨੂੰ ਤੁਸੀਂ ਕਿਵੇਂ ਆਗਿਆ ਪਾਲਨ ਕਰਨ, ਸਿਖਲਾਈ ਦੇਣ ਅਤੇ ਵੰਡਣ ਨੂੰ ਵਿਕਸਿਤ ਕਰਨਾ ਲਈ ਅੱਗੇ ਵੇਖੋ ਵਿੱਚ ਵਰਤੋ

**ਪਿੱਛੇ ਵੇਖਣਾ**

**ਕਦਮ 1 – ਧੰਨਵਾਦ ਦੇਣਾ**

ਹਰੇਕ ਵਿਅਕਤੀ ਦੇ ਜਿਸ ਲਈ ਉਹ ਧੰਨਵਾਦੀ ਹਨ ਦੱਸਣ ਲਈ ਕੁਝ ਸਮਾਂ ਰੱਖੋ।

**ਕਦਮ 2 – ਆਪਣੇ ਸੰਘਰਸ਼ਾਂ ਨੂੰ ਵੰਡਣਾ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰਨਾ**

ਆਪਣੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਕੁਝ ਜਿਸ ਨਾਲ ਉਹ ਸੰਘਰਸ਼ ਕਰ ਰਹੇ ਹਨ ਵੰਡਣ ਲਈ ਕਹੋ। ਜੋ ਉਹ ਵੰਡਦੇ ਹਨ ਬਾਰੇ ਉਨ੍ਹਾਂ ਲਈ ਕਿਸੇ ਹੋਰ ਨੂੰ ਪ੍ਰਾਰਥਨਾ ਕਰਨ ਲਈ ਕਹੋ।

**ਕਦਮ 3 – ਸਮੂਹ ਉੱਤੇ ਧਿਆਨ ਕੇਂਦਰਿਤ ਕਰਨਾ**

ਕੁਝ ਸਮਾਂ ਕੱਢੋ ਅਤੇ ਚੇਤੇ ਕਰੋ ਕਿ ਤੁਸੀਂ ਕਿਉਂ ਇਕੱਠੇ ਹੋ – ਪਰਮੇਸ਼ੁਰ ਨੂੰ ਪਿਆਰ ਕਰਨ ਲਈ, ਹੋਰਨਾਂ ਨੂੰ ਪਿਆਰ ਕਰਨ ਲਈ, ਯਿਸੂ ਨੂੰ ਵੰਡਣ ਲਈ, ਅਤੇ ਦੂਜਿਆਂ ਨੂੰ ਵੀ ਉਸ ਬਾਰੇ ਦੱਸਣ ਵਿੱਚ ਮਦਦ ਕਰਨ ਲਈ।

**ਕਦਮ 4 – ਜਾਂਚ ਕਰਨਾ**

ਹਰੇਕ ਵਿਅਕਤੀ ਨੂੰ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਹੋ:

- ਕੀ ਤੁਸੀਂ ਜੋ ਹੁਣ ਤੱਕ ਸਿੱਖਿਆ ਹੈ ਉਸ ਦਾ ਆਗਿਆ ਪਾਲਨ ਕੀਤਾ ਹੈ?
- ਜੋ ਤੁਸੀਂ ਸਿੱਖਿਆ ਹੈ ਉਸ ਵਿੱਚ ਤੁਸੀਂ ਕਿਸ ਨੂੰ ਸਿਖਲਾਈ ਦਿੱਤੀ ਹੈ?
- ਜਦੋਂ ਅਸੀਂ ਇੱਕ ਸਮੂਹ ਵਿੱਚ ਇਕੱਠੇ ਹੋਏ ਸੀ ਉਸ ਤੋਂ ਬਾਅਦ ਵਿੱਚ ਤੁਸੀਂ ਕਿਸ ਨਾਲ ਆਪਣੀ ਕਹਾਣੀ ਜਾਂ ਪਰਮੇਸ਼ੁਰ ਦੀ ਕਹਾਣੀ ਵੰਡੀ ਹੈ?

**ਉਤਾਂਹ ਵੇਖਣਾ**

**ਕਦਮ 1 – ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਅਗਵਾਈ ਕਰਨ ਲਈ ਸੱਦਾ ਦਿਉ**

ਪ੍ਰਾਰਥਨਾ ਕਰਨ ਲਈ ਇੱਕ ਪਲ ਕੱਢੋ। ਪਰਮੇਸ਼ੁਰ ਨਾਲ ਸਾਧਾਰਨ ਅਤੇ ਸੰਖੇਪ ਵਿੱਚ ਗੱਲ ਕਰੋ। ਉਸ ਦੇ ਆਤਮਾ ਨੂੰ ਤੁਹਾਨੂੰ ਉਹ ਭਾਗ ਸਿਖਾਉਣ ਲਈ ਕਹੋ ਜਿਹੜੇ ਤੁਸੀਂ ਪੜ੍ਹਨ ਜਾ ਰਹੇ ਹੋ।

**ਕਦਮ 2 – ਪਰਮੇਸ਼ੁਰ ਦਾ ਵਚਨ ਪੜ੍ਹੋ ਅਤੇ ਪ੍ਰਸ਼ਨ ਪੁੱਛੋ**

ਸਮੂਹ ਵਿੱਚੋਂ ਕਿਸੇ ਨੂੰ ਬਾਈਬਲ ਪੜ੍ਹਨ ਲਈ ਕਹੋ। ਜਦੋਂ ਤੁਸੀਂ ਪੜ੍ਹ ਚੁੱਕੇ ਹੋਵੋਗੇ, ਸਮੂਹ ਨੂੰ ਇਨ੍ਹਾਂ ਦੋ ਪ੍ਰਸ਼ਨਾਂ ਦਾ ਉੱਤਰ ਦੇਣਾ ਚਾਹੀਦਾ ਹੈ:

- ਤੁਹਾਨੂੰ ਇਸ ਭਾਗ ਬਾਰੇ ਕੀ ਪਸੰਦ ਆਇਆ ਸੀ?
- ਤੁਸੀਂ ਕੀ ਚੁਣੌਤੀ ਭਰਿਆ ਜਾਂ ਸਮਝਣ ਵਿੱਚ ਮੁਸ਼ਕਿਲ ਪਾਇਆ ਸੀ?

ਇੱਕ ਦੂਜੀ ਵਾਰ ਉਹੀ ਭਾਗ ਨੂੰ ਪੜ੍ਹੋ, ਅਤੇ ਫਿਰ ਸਮੂਹ ਨੂੰ ਇਨ੍ਹਾਂ ਦੋ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਹੋ:

- ਇਸ ਭਾਗ ਤੋਂ ਅਸੀਂ ਲੋਕਾਂ ਬਾਰੇ ਕੀ ਸਿੱਖ ਸਕਦੇ ਹਾਂ?
- ਇਸ ਭਾਗ ਤੋਂ ਅਸੀਂ ਪਰਮੇਸ਼ੁਰ ਬਾਰੇ ਕੀ ਸਿੱਖ ਸਕਦੇ ਹਾਂ?

ਭਾਗ ਵਿੱਚ ਹੀ ਬਣੇ ਰਹਿਣਾ ਅਤੇ ਇਸ ਨੂੰ ਸੌਖਾ ਰੱਖਣਾ ਚੇਤੇ ਰੱਖੋ!

**ਅੱਗੇ ਵੇਖਣਾ**

**ਕਦਮ 1 – ਪਰਮੇਸ਼ੁਰ ਦੇ ਮਕਸਦ ਲਈ ਪ੍ਰਾਰਥਨਾ ਕਰਨਾ**

ਆਪਣੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਚੁੱਪਚਾਪ ਪ੍ਰਾਰਥਨਾ ਕਰਨ ਅਤੇ ਇਨ੍ਹਾਂ ਪ੍ਰਸ਼ਨਾਂ ਨੂੰ ਪਰਮੇਸ਼ੁਰ ਨੂੰ ਪੁੱਛਣ ਲਈ ਕਹੋ:

- ਪਰਮੇਸ਼ੁਰ, ਜੋ ਤੁਸੀਂ ਮੈਨੂੰ ਸਿਖਾ ਰਹੇ ਹੋ ਉਸ ਦਾ ਮੈਂ ਕਿਵੇਂ ਆਗਿਆ ਪਾਲਨ ਅਤੇ ਲਾਗੂ ਕਰ ਸਕਦਾ ਹੈ?
- ਇਸ ਭਾਗ ਤੋਂ ਮੈਂ ਕਿਸ ਨੂੰ ਸਿਖਲਾਈ ਦੇ ਸਕਦਾ ਹਾਂ ਤਾਂ ਜੋ ਉਹ ਤੈਨੂੰ ਹੋਰ ਜ਼ਿਆਦਾ ਪਿਆਰ ਕਰਨ ਅਤੇ ਆਗਿਆ ਪਾਲਨ ਕਰਨਾ ਸਿੱਖ ਸਕਣ?
- ਤੁਸੀਂ ਕਿਸ ਨੂੰ ਚਾਹੁੰਦੇ ਹੋ ਮੈਂ ਆਪਣੀ ਗਵਾਹੀ ਜਾਂ ਯਿਸੂ ਦੀ ਤੁਹਾਡੀ ਖੁਸ਼ਖਬਰੀ ਨੂੰ ਦੱਸਾਂ?

ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਤੁਹਾਨੂੰ ਖਾਸ ਉੱਤਰ, ਖਾਸ ਨਾਮ ਅਤੇ ਉਹ ਖਾਸ ਕਦਮ ਦੇਣ ਲਈ ਕਹੋ ਜੋ ਤੁਸੀਂ ਹੁਣ ਅਤੇ ਜਦੋਂ ਤੁਹਾਡਾ ਸਮੂਹ ਦੁਬਾਰਾ ਮਿਲਦਾ ਹੈ ਵਿਚਕਾਰ ਸਮੇਂ ਵਿੱਚ ਲੈ ਸਕਦੇ ਹੋ।

**ਕਦਮ 2 – ਸਮਰਪਣ ਇਕੱਠੇ ਕਰਨਾ**

ਆਪਣੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਉਹ ਵੰਡਣ ਲਈ ਕਹੋ ਜੋ ਉਨ੍ਹਾਂ ਨੇ ਹਰੇਕ ਪ੍ਰਸ਼ਨ ਲਈ ਪ੍ਰਭੂ ਤੋਂ ਸੁਣਿਆ ਹੈ। ਕਿਸੇ ਨੇ ਹੋ ਸਕਦਾ ਹੈ ਕਿ ਪਹਿਲੇ, ਦੂਜੇ ਜਾਂ ਸਾਰੇ ਤਿੰਨਾਂ ਪ੍ਰਸ਼ਨਾਂ ਲਈ ਪ੍ਰਭੂ ਤੋਂ ਕੁਝ ਵੀ ਨਹੀਂ ਸੁਣਿਆ ਸੀ। ਉਹ ਸਾਧਾਰਨ ਦੱਸ ਸਕਦੇ ਹਨ ਕਿ ਉਨ੍ਹਾਂ ਨੇ ਨਹੀਂ ਸੁਣਿਆ।

ਪਰ ਚੇਤੇ ਰੱਖੋ, ਸਮੂਹ ਨੂੰ ਪ੍ਰਭੂ ਤੋਂ ਸੁਣਨਾ ਚਾਹੀਦਾ ਹੈ। ਯਿਸੂ ਨੇ ਆਖਿਆ – "ਮੇਰੀ ਭੇਡ ਮੇਰੀ ਅਵਾਜ ਸੁਣਦੀ ਹੈ।" ਅਤੇ ਜਿੰਨੇ ਜ਼ਿਆਦਾ ਖਾਸ ਤੁਹਾਡੇ ਆਗਿਆਕਾਰੀ ਦੇ ਕਦਮ ਹੋਣਗੇ, ਉਨ੍ਹਾਂ ਸਾਡੇ ਮੁੜ ਤੋਂ ਇਕੱਠੇ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਆਗਿਆ ਪਾਲਨ ਸੌਖਾ ਹੋਵੇਗਾ।

**ਕਦਮ 3 – ਆਪਣੀ ਯੋਜਨਾ ਦਾ ਅਭਿਆਸ ਕਰਨਾ**

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਇਕੱਠੇ ਸਮੇਂ ਨੂੰ ਖਤਮ ਕਰੋ, ਜੋ ਜਾਂ ਤਿੰਨ ਦੇ ਛੋਟੇ ਸਮੂਹਾਂ ਵਿੱਚ 3/3 ਸਮੂਹ ਲਈ ਅੰਤਰਾਲ ਲਉ ਅਤੇ ਜੋ ਤੁਸੀਂ ਪ੍ਰਭੂ ਤੋਂ ਕਰਨ ਲਈ ਸੁਣਿਆ ਹੈ ਉਸ ਦਾ ਅਭਿਆਸ ਕਰੋ।

## ਚਰਚਾ ਕਰੋ

**(10 ਮਿੰਟ)**

- ਤੁਹਾਨੂੰ 3/3 ਸਮੂਹ ਬਾਰੇ ਕਿਹੜੀ ਗੱਲ ਸਭ ਤੋਂ ਵਧੀਆ ਲੱਗੀ? ਕਿਉਂ?
- ਕਿਹੜੀ ਗੱਲ ਸਭ ਤੋਂ ਵੱਧ ਚੁਣੌਤੀ ਵਾਲੀ ਸੀ? ਕਿਉਂ?

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ ਸੁਣਿਆ ਸਿਧਾਂਤ:**

- ਸਿਖਲਾਈ ਚੱਕਰ

**ਇਸ ਸੈਸ਼ਨ ਵਿੱਚ ਸੁਣਿਆ ਸਾਧਨ:**

- 3/3 ਸਮੂਹ ਮੀਟਿੰਗ

**ਇੱਕ ਅੰਤਰਾਲ ਲਉ**

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ, ਅਸੀਂ ਇਸ ਸਿਧਾਂਤ ਨੂੰ ਸੁਣਾਂਗੇ ਅਤੇ ਚਰਚਾ ਕਰਾਂਗੇ:**

- ਅਗਵਾਈ ਸੈੱਲ

**ਅਤੇ ਅਸੀਂ ਆਪਣੀ ਟੂਲਕਿੱਟ ਤੋਂ ਇਸ ਸਾਧਨ ਦਾ ਅਭਿਆਸ ਕਰਾਂਗੇ:**

- 3/3 ਸਮੂਹ ਮੀਟਿੰਗ

---

## ਪੜ੍ਹੋ

**(5 ਮਿੰਟ)**

**ਅਗਵਾਈ ਸੈੱਲ**

ਇਸ ਸੈਸ਼ਨ ਵਿੱਚ, ਅਸੀਂ ਸਿੱਖਾਂਗੇ ਕਿ ਕਿਵੇਂ ਅਗਵਾਈ ਸੈੱਲ ਥੋੜ੍ਹੇ ਸਮੇਂ ਵਿੱਚ ਹੀ ਚੇਲਿਆਂ ਨੂੰ ਜੀਵਨ ਭਰ ਲਈ ਆਗੂ ਹੋਣ ਵਾਸਤੇ ਤਿਆਰ ਕਰਦੇ ਹਨ।

ਇੱਕ ਦੋ ਬਣ ਜਾਂਦੇ ਹਨ। ਦੋ ਚਾਰ ਬਣ ਜਾਂਦੇ ਹਨ। ਚਾਰ ਅੱਠ ਬਣ ਜਾਂਦੇ ਹਨ। ਵਿਅਕਤੀਗਤ ਗੁਣਾਤਮਕ ਵਾਧਾ। ਪੀੜ੍ਹੀਆਂ ਵਧਦੀਆਂ ਹਨ। ਘਾਤਕ ਵਾਧਾ। ਇਹ ਉਹ ਨਮੂਨਾ ਹੈ ਜੋ ਪਰਮੇਸ਼ੁਰ ਨੇ ਉਸ ਦੀ ਸਰਿਸ਼ਟੀ ਵਿੱਚ ਨਿਰਮਾਣ ਕੀਤਾ ਹੈ। ਇਸੇ ਢੰਗ ਨਾਲ ਪਰਮੇਸ਼ੁਰ ਚਾਹੁੰਦਾ ਹੈ ਉਸ ਦਾ ਪਰਿਵਾਰ ਵਧੇ। ਅਸੀਂ ਪਹਿਲਾਂ ਹੀ 3/3 ਨਮੂਨੇ ਨੂੰ ਸਿੱਖਿਆ ਹੈ ਜਿਹੜਾ ਉਪਭੋਗਤਾਵਾਂ ਨੂੰ ਉਤਪਾਦਕਾਂ ਵਿੱਚ, ਵਿਦਿਆਰਥੀਆਂ ਨੂੰ ਆਗੂਆਂ ਵਿੱਚ ਅਤੇ ਚੇਲਿਆਂ ਨੂੰ ਚੇਲੇ ਬਣਾਉਣ ਵਾਲੇ ਵਿੱਚ ਬਦਲਦਾ ਹੈ।

ਪਿੱਛੇ ਵੇਖੋ  - ਉਤਾਂਹ ਵੇਖੋ – ਅੱਗੇ ਵੇਖੋ। ਸਿੱਖੋ – ਆਗਿਆ ਪਾਲਨ ਕਰੋ – ਵੰਡੋ।

ਇਸ ਢੰਗ ਨਾਲ ਇਕੱਠੇ ਮਿਲਣਾ ਵਿਅਕਤੀਗਤ ਵਿਸ਼ਵਾਸੀਆਂ ਵਿੱਚ ਨਿਰੰਤਰ ਆਤਮਿਕ ਵਾਧੇ ਨੂੰ ਅਤੇ ਯਿਸੂ ਦੇ ਚੇਲਿਆਂ ਦੇ ਇੱਕ ਸਮੂਹ ਵਿੱਚ ਨਿਰੰਤਰ ਪੁਨਰ ਉਤਪਾਦਕ ਵਾਧੇ ਨੂੰ ਪੈਦਾ ਕਰਦਾ ਹੈ। ਇਹ ਨਮੂਨਾ ਚੇਲਿਆਂ ਨੂੰ ਗੁਣਾਤਮਕ ਵਾਧਾ ਕਰਨ ਵਿੱਚ ਮਦਦ ਕਰਦਾ ਹੈ।

ਪਰ ਕੀ ਹੋਵੇਗਾ ਜੇਕਰ ਇੱਕ ਸਮੂਹ ਸਿਰਫ ਥੋੜ੍ਹੇ ਸਮੇਂ ਲਈ ਹੀ ਇਕੱਠਾ ਹੁੰਦਾ ਹੈ? ਕੀ ਉਹ ਫਿਰ ਵੀ ਵਧ ਸਕਦੇ ਅਤੇ ਪਰਮੇਸ਼ੁਰ ਦੇ ਰਾਜ ਦਾ ਪੁਨਰ ਉਤਪਾਦਨ ਕਰ ਸਕਦੇ ਹਨ? ਅਗਵਾਈ ਸੈੱਲ 3/3 ਨਮੂਨੇ ਨੂੰ ਕਿਰਿਆ ਵਿੱਚ ਲਿਆਉਣ ਦਾ ਇੱਕ ਢੰਗ ਹੈ ਜਦੋਂ ਤੁਸੀਂ ਜਾਣਦੇ ਹੋ ਕਿ ਇੱਥੇ ਇੱਕ ਸੀਮਾ ਹੈ ਕਿ ਕਿੰਨੇ ਸਮੇਂ ਤੱਕ ਇੱਕ ਸਮੂਹ ਇਕੱਠਾ ਹੋ ਸਕਦਾ ਹੈ।

ਅਗਵਾਈ ਸੈੱਲ ਵਿਅਕਤੀਗਤ ਵਿਸ਼ਵਾਸੀ ਨੂੰ ਇੱਕ ਥੋੜ੍ਹੇ ਸਮੇਂ ਵਿੱਚ ਹੀ ਪੁਨਰ ਉਤਪਾਦਕ ਢੰਗਾਂ ਨੂੰ ਸਿੱਖਣ ਲਈ ਤਿਆਰ ਕਰ ਸਕਦੇ ਹਨ ਜੋ ਜੀਵਨ ਭਰ ਲਈ ਰਹਿੰਦੇ ਹਨ।

ਅਗਵਾਈ ਸੈੱਲ ਵਿਦਿਆਰਥੀਆਂ ਨੂੰ ਆਗੂ ਬਣਨ ਵਿੱਚ ਮਦਦ ਕਰਦੇ ਹਨ ਜਿਹੜੇ ਫਿਰ ਜਾ ਕੇ ਨਵੇਂ ਸਮੂਹ ਅਰੰਭ ਕਰਨਗੇ, ਨਵੀਆਂ ਕਲੀਸਿਯਾਵਾਂ ਨੂੰ ਸਿਖਾਉਣਗੇ, ਅਤੇ ਪਰਮੇਸ਼ੁਰ ਦੇ ਪਰਿਵਾਰ ਨੂੰ ਵਧਾਉਣ ਲਈ ਜ਼ਿਆਦਾ ਅਗਵਾਈ ਸੈੱਲ ਅਰੰਭ ਕਰਨਗੇ।

ਅਗਵਾਈ ਸੈੱਲ ਉਦੋਂ ਚੰਗੀ ਤਰ੍ਹਾਂ ਕੰਮ ਕਰਦੇ ਹਨ ਜਦੋਂ ਇੱਕ ਸਮੂਹ ਮੋਬਾਇਲ ਹੁੰਦਾ ਹੈ। ਖਾਨਾਬਦੋਸ਼, ਵਿਦਿਆਰਥੀ, ਸੈਨਿਕ ਲੋਕ, ਮੌਸਮੀ ਕਰਮਚਾਰੀ ਜਿਹੜੇ ਪਹਿਲਾਂ ਹੀ ਯਿਸੂ ਦੇ ਚੇਲੇ ਹਨ ਉਹ ਇੱਕ ਅਗਵਾਈ ਸੈੱਲ ਵਿੱਚ ਵਧੀਆ ਕੰਮ ਕਰਦੇ ਹਨ। ਉਨ੍ਹਾਂ ਦੇ ਸੱਭਿਆਚਾਰ, ਉਨ੍ਹਾਂ ਦੇ ਪੇਸ਼ੇ ਜਾਂ ਉਨ੍ਹਾਂ ਦੇ ਜੀਵਨ ਦੇ ਮੌਸਮ ਕਰਕੇ – ਉਨ੍ਹਾਂ ਨੂੰ ਇੱਕ ਨਿਰੰਤਰ ਬਣੇ ਰਹਿਣ ਵਾਲੇ ਸਮੂਹ ਨੂੰ ਸਥਾਪਿਤ ਕਰਨਾ ਮੁਸ਼ਕਿਲ ਹੋ ਸਕਦਾ ਹੈ, ਪਰ ਉਹ ਯਕੀਨਨ ਸਿਖਲਾਈ ਦਿੱਤੇ ਜਾ ਸਕਦੇ ਹਨ ਕਿ ਕਿਵੇਂ ਹਰੇਕ ਸਥਾਨ ਉੱਤੇ ਜਿੱਥੇ ਉਹ ਯਾਤਰਾ ਕਰਦੇ ਹਨ ਨਵੇਂ ਸਮੂਹਾਂ ਨੂੰ ਅਰੰਭ ਕਰਨਾ ਹੈ।

ਅਗਵਾਈ ਸੈੱਲ ਉਦੋਂ ਵੀ ਚੰਗੀ ਤਰ੍ਹਾਂ ਕੰਮ ਕਰਦੇ ਹਨ ਜਦੋਂ ਇੱਕ ਲੋਕਾਂ ਦਾ ਸਮੂਹ ਇੱਕੋ ਹੀ ਸਮੇਂ ਵਿਸ਼ਵਾਸ ਵਿੱਚ ਆਉਂਦਾ ਹੈ। ਇੱਕ ਪਰਿਵਾਰ, ਇੱਕ ਮਿੱਤਰਾਂ ਦਾ ਨੈਟਵਰਕ, ਜਾਂ ਇੱਥੋਂ ਤੱਕ ਕਿ ਇੱਕ ਛੋਟੇ ਜਿਹੇ ਪਿੰਡ ਨੂੰ ਥੋੜ੍ਹੇ ਸਮੇਂ ਵਿੱਚ ਹੀ ਜੀਵਨ ਭਰ ਲਈ ਉਤਪਾਦਕ ਬਣਨ ਦੀ ਸਿਖਲਾਈ ਦਿੱਤੀ ਜਾ ਸਕਦੀ ਹੈ – ਇੱਥੋਂ ਤੱਕ ਕਿ ਵਿਅਕਤੀਗਤ ਫੋਲੋ-ਅੱਪ ਜਾਂ ਆਤਮਿਕ ਕੋਚਿੰਗ ਤੋਂ ਬਿਨਾਂ ਵੀ।

ਇੱਕ ਸ਼ੁਰੂਆਤੀ ਸੈਸ਼ਨ ਵਿੱਚ, ਅਸੀਂ 3/3 ਢੰਗ ਦੇ ਆਖਰੀ ਦੋ ਭਾਗਾਂ ਨੂੰ ਸਿੱਖਿਆ ਅਤੇ ਅਭਿਆਸ ਕੀਤਾ ਸੀ। ਹੁਣ ਅਸੀਂ ਸਮੁੱਚੇ ਨਮੂਨੇ ਦਾ ਅਭਿਆਸ ਕਰਾਂਗੇ – ਸਾਰੇ ਤਿੰਨ ਭਾਗਾਂ ਦਾ – ਪਿੱਛੇ ਵੇਖਣਾ, ਉਤਾਂਹ ਵੇਖਣਾ, ਅੱਗੇ ਵੇਖਣਾ।

---

## ਚਰਚਾ ਕਰੋ

**(10 ਮਿੰਟ)**

- ਕੀ ਇੱਥੇ ਯਿਸੂ ਦੇ ਚੇਲਿਆਂ ਦੇ ਇੱਕ ਸਮੂਹ ਨੂੰ ਤੁਸੀਂ ਜਾਣਦੇ ਹੋ ਜੋ ਪਹਿਲਾਂ ਹੀ ਇਕੱਠਾ ਹੁੰਦਾ ਜਾਂ ਇਕੱਠਾ ਹੋਣ ਦਾ ਅਤੇ ਜ਼ੁਮੇ ਸਿਖਲਾਈ ਨੂੰ ਸਿੱਖਣ ਲਈ ਇੱਕ ਅਗਵਾਈ ਸੈੱਲ ਨੂੰ ਆਕਾਰ ਦੇਣ ਦਾ ਇਛੁੱਕ ਹੋਵੇਗਾ?
- ਉਨ੍ਹਾਂ ਨੂੰ ਇਕੱਠੇ ਲਿਆਉਣ ਲਈ ਕੀ ਕਰਨਾ ਹੋਵੇਗਾ?

## ਕਿਰਿਆ

**(60 - 90 ਮਿੰਟ)**

**3/3 ਸਮੂਹ ਮੀਟਿੰਗ**

- ਪਿੱਛੇ ਵੇਖੋ – ਪਿਛਲੇ ਸੈਸ਼ਨ ਨੂੰ ਆਗਿਆ ਪਾਲਨ ਕਰਨ, ਸਿਖਾਉਣ, ਅਤੇ ਇੱਕ ਦੂਜੇ ਨਾਲ ਚੈਕਇੰਨ ਦੀਆਂ ਚੁਣੌਤੀਆਂ ਨੂੰ ਵੰਡਣ ਲਈ ਵਰਤੋਂ। (30 ਮਿੰਟ)
- ਉਤਾਂਹ ਵੇਖੋ – ਰਸੂਲਾਂ ਦੇ ਕਰਤੱਬ 2:42-47 ਨੂੰ ਤੁਹਾਡੇ ਸਮੂਹ ਦੇ ਪੜ੍ਹਨ ਦੇ ਭਾਗ ਵਜੋਂ ਵਰਤੋਂ ਅਤੇ 1-4 ਪ੍ਰਸ਼ਨਾਂ ਦਾ ਉੱਤਰ ਦਿਉ। (30 ਮਿੰਟ)
- ਅੱਗੇ ਵੇਖੋ - ਪ੍ਰਸ਼ਨਾਂ 5, 6, ਅਤੇ 7 ਨੂੰ ਤੁਸੀਂ ਕਿਵੇਂ ਆਗਿਆ ਪਾਲਨ ਕਰਨ, ਸਿਖਲਾਈ ਦੇਣ ਅਤੇ ਵੰਡਣ ਨੂੰ ਵਿਕਸਿਤ ਕਰਨਾ ਲਈ ਅੱਗੇ ਵੇਖੋ ਵਿੱਚ ਵਰਤੋ

**ਪਿੱਛੇ ਵੇਖਣਾ**

**ਕਦਮ 1 – ਧੰਨਵਾਦ ਦੇਣਾ**

ਹਰੇਕ ਵਿਅਕਤੀ ਦੇ ਜਿਸ ਲਈ ਉਹ ਧੰਨਵਾਦੀ ਹਨ ਦੱਸਣ ਲਈ ਕੁਝ ਸਮਾਂ ਰੱਖੋ।

**ਕਦਮ 2 – ਆਪਣੇ ਸੰਘਰਸ਼ਾਂ ਨੂੰ ਵੰਡਣਾ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰਨਾ**

ਆਪਣੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਕੁਝ ਜਿਸ ਨਾਲ ਉਹ ਸੰਘਰਸ਼ ਕਰ ਰਹੇ ਹਨ ਵੰਡਣ ਲਈ ਕਹੋ। ਜੋ ਉਹ ਵੰਡਦੇ ਹਨ ਬਾਰੇ ਉਨ੍ਹਾਂ ਲਈ ਕਿਸੇ ਹੋਰ ਨੂੰ ਪ੍ਰਾਰਥਨਾ ਕਰਨ ਲਈ ਕਹੋ।

**ਕਦਮ 3 – ਸਮੂਹ ਉੱਤੇ ਧਿਆਨ ਕੇਂਦਰਿਤ ਕਰਨਾ**

ਕੁਝ ਸਮਾਂ ਕੱਢੋ ਅਤੇ ਚੇਤੇ ਕਰੋ ਕਿ ਤੁਸੀਂ ਕਿਉਂ ਇਕੱਠੇ ਹੋ – ਪਰਮੇਸ਼ੁਰ ਨੂੰ ਪਿਆਰ ਕਰਨ ਲਈ, ਹੋਰਨਾਂ ਨੂੰ ਪਿਆਰ ਕਰਨ ਲਈ, ਯਿਸੂ ਨੂੰ ਵੰਡਣ ਲਈ, ਅਤੇ ਦੂਜਿਆਂ ਨੂੰ ਵੀ ਉਸ ਬਾਰੇ ਦੱਸਣ ਵਿੱਚ ਮਦਦ ਕਰਨ ਲਈ।

**ਕਦਮ 4 – ਜਾਂਚ ਕਰਨਾ**

ਹਰੇਕ ਵਿਅਕਤੀ ਨੂੰ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਹੋ:

- ਕੀ ਤੁਸੀਂ ਜੋ ਹੁਣ ਤੱਕ ਸਿੱਖਿਆ ਹੈ ਉਸ ਦਾ ਆਗਿਆ ਪਾਲਨ ਕੀਤਾ ਹੈ?
- ਜੋ ਤੁਸੀਂ ਸਿੱਖਿਆ ਹੈ ਉਸ ਵਿੱਚ ਤੁਸੀਂ ਕਿਸ ਨੂੰ ਸਿਖਲਾਈ ਦਿੱਤੀ ਹੈ?
- ਜਦੋਂ ਅਸੀਂ ਇੱਕ ਸਮੂਹ ਵਿੱਚ ਇਕੱਠੇ ਹੋਏ ਸੀ ਉਸ ਤੋਂ ਬਾਅਦ ਵਿੱਚ ਤੁਸੀਂ ਕਿਸ ਨਾਲ ਆਪਣੀ ਕਹਾਣੀ ਜਾਂ ਪਰਮੇਸ਼ੁਰ ਦੀ ਕਹਾਣੀ ਵੰਡੀ ਹੈ?

**ਉਤਾਂਹ ਵੇਖਣਾ**

**ਕਦਮ 1 – ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਅਗਵਾਈ ਕਰਨ ਲਈ ਸੱਦਾ ਦਿਉ**

ਪ੍ਰਾਰਥਨਾ ਕਰਨ ਲਈ ਇੱਕ ਪਲ ਕੱਢੋ। ਪਰਮੇਸ਼ੁਰ ਨਾਲ ਸਾਧਾਰਨ ਅਤੇ ਸੰਖੇਪ ਵਿੱਚ ਗੱਲ ਕਰੋ। ਉਸ ਦੇ ਆਤਮਾ ਨੂੰ ਤੁਹਾਨੂੰ ਉਹ ਭਾਗ ਸਿਖਾਉਣ ਲਈ ਕਹੋ ਜਿਹੜੇ ਤੁਸੀਂ ਪੜ੍ਹਨ ਜਾ ਰਹੇ ਹੋ।

**ਕਦਮ 2 – ਪਰਮੇਸ਼ੁਰ ਦਾ ਵਚਨ ਪੜ੍ਹੋ ਅਤੇ ਪ੍ਰਸ਼ਨ ਪੁੱਛੋ**

ਸਮੂਹ ਵਿੱਚੋਂ ਕਿਸੇ ਨੂੰ ਬਾਈਬਲ ਪੜ੍ਹਨ ਲਈ ਕਹੋ। ਜਦੋਂ ਤੁਸੀਂ ਪੜ੍ਹ ਚੁੱਕੇ ਹੋਵੋਗੇ, ਸਮੂਹ ਨੂੰ ਇਨ੍ਹਾਂ ਦੋ ਪ੍ਰਸ਼ਨਾਂ ਦਾ ਉੱਤਰ ਦੇਣਾ ਚਾਹੀਦਾ ਹੈ:

- ਤੁਹਾਨੂੰ ਇਸ ਭਾਗ ਬਾਰੇ ਕੀ ਪਸੰਦ ਆਇਆ ਸੀ?
- ਤੁਸੀਂ ਕੀ ਚੁਣੌਤੀ ਭਰਿਆ ਜਾਂ ਸਮਝਣ ਵਿੱਚ ਮੁਸ਼ਕਿਲ ਪਾਇਆ ਸੀ?

ਇੱਕ ਦੂਜੀ ਵਾਰ ਉਹੀ ਭਾਗ ਨੂੰ ਪੜ੍ਹੋ, ਅਤੇ ਫਿਰ ਸਮੂਹ ਨੂੰ ਇਨ੍ਹਾਂ ਦੋ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਕਹੋ:

- ਇਸ ਭਾਗ ਤੋਂ ਅਸੀਂ ਲੋਕਾਂ ਬਾਰੇ ਕੀ ਸਿੱਖ ਸਕਦੇ ਹਾਂ?
- ਇਸ ਭਾਗ ਤੋਂ ਅਸੀਂ ਪਰਮੇਸ਼ੁਰ ਬਾਰੇ ਕੀ ਸਿੱਖ ਸਕਦੇ ਹਾਂ?

ਭਾਗ ਵਿੱਚ ਹੀ ਬਣੇ ਰਹਿਣਾ ਅਤੇ ਇਸ ਨੂੰ ਸੌਖਾ ਰੱਖਣਾ ਚੇਤੇ ਰੱਖੋ!

**ਅੱਗੇ ਵੇਖਣਾ**

**ਕਦਮ 1 – ਪਰਮੇਸ਼ੁਰ ਦੇ ਮਕਸਦ ਲਈ ਪ੍ਰਾਰਥਨਾ ਕਰਨਾ**

ਆਪਣੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਚੁੱਪਚਾਪ ਪ੍ਰਾਰਥਨਾ ਕਰਨ ਅਤੇ ਇਨ੍ਹਾਂ ਪ੍ਰਸ਼ਨਾਂ ਨੂੰ ਪਰਮੇਸ਼ੁਰ ਨੂੰ ਪੁੱਛਣ ਲਈ ਕਹੋ:

- ਪਰਮੇਸ਼ੁਰ, ਜੋ ਤੁਸੀਂ ਮੈਨੂੰ ਸਿਖਾ ਰਹੇ ਹੋ ਉਸ ਦਾ ਮੈਂ ਕਿਵੇਂ ਆਗਿਆ ਪਾਲਨ ਅਤੇ ਲਾਗੂ ਕਰ ਸਕਦਾ ਹੈ?
- ਇਸ ਭਾਗ ਤੋਂ ਮੈਂ ਕਿਸ ਨੂੰ ਸਿਖਲਾਈ ਦੇ ਸਕਦਾ ਹਾਂ ਤਾਂ ਜੋ ਉਹ ਤੈਨੂੰ ਹੋਰ ਜ਼ਿਆਦਾ ਪਿਆਰ ਕਰਨ ਅਤੇ ਆਗਿਆ ਪਾਲਨ ਕਰਨਾ ਸਿੱਖ ਸਕਣ?
- ਤੁਸੀਂ ਕਿਸ ਨੂੰ ਚਾਹੁੰਦੇ ਹੋ ਮੈਂ ਆਪਣੀ ਗਵਾਹੀ ਜਾਂ ਯਿਸੂ ਦੀ ਤੁਹਾਡੀ ਖੁਸ਼ਖਬਰੀ ਨੂੰ ਦੱਸਾਂ?

ਪਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਤੁਹਾਨੂੰ ਖਾਸ ਉੱਤਰ, ਖਾਸ ਨਾਮ ਅਤੇ ਉਹ ਖਾਸ ਕਦਮ ਦੇਣ ਲਈ ਕਹੋ ਜੋ ਤੁਸੀਂ ਹੁਣ ਅਤੇ ਜਦੋਂ ਤੁਹਾਡਾ ਸਮੂਹ ਦੁਬਾਰਾ ਮਿਲਦਾ ਹੈ ਵਿਚਕਾਰ ਸਮੇਂ ਵਿੱਚ ਲੈ ਸਕਦੇ ਹੋ।

**ਕਦਮ 2 – ਸਮਰਪਣ ਇਕੱਠੇ ਕਰਨਾ**

ਆਪਣੇ ਸਮੂਹ ਵਿੱਚ ਹਰੇਕ ਵਿਅਕਤੀ ਨੂੰ ਉਹ ਵੰਡਣ ਲਈ ਕਹੋ ਜੋ ਉਨ੍ਹਾਂ ਨੇ ਹਰੇਕ ਪ੍ਰਸ਼ਨ ਲਈ ਪ੍ਰਭੂ ਤੋਂ ਸੁਣਿਆ ਹੈ। ਕਿਸੇ ਨੇ ਹੋ ਸਕਦਾ ਹੈ ਕਿ ਪਹਿਲੇ, ਦੂਜੇ ਜਾਂ ਸਾਰੇ ਤਿੰਨਾਂ ਪ੍ਰਸ਼ਨਾਂ ਲਈ ਪ੍ਰਭੂ ਤੋਂ ਕੁਝ ਵੀ ਨਹੀਂ ਸੁਣਿਆ ਸੀ। ਉਹ ਸਾਧਾਰਨ ਦੱਸ ਸਕਦੇ ਹਨ ਕਿ ਉਨ੍ਹਾਂ ਨੇ ਨਹੀਂ ਸੁਣਿਆ।

ਪਰ ਚੇਤੇ ਰੱਖੋ, ਸਮੂਹ ਨੂੰ ਪ੍ਰਭੂ ਤੋਂ ਸੁਣਨਾ ਚਾਹੀਦਾ ਹੈ। ਯਿਸੂ ਨੇ ਆਖਿਆ – "ਮੇਰੀ ਭੇਡ ਮੇਰੀ ਅਵਾਜ ਸੁਣਦੀ ਹੈ।" ਅਤੇ ਜਿੰਨੇ ਜ਼ਿਆਦਾ ਖਾਸ ਤੁਹਾਡੇ ਆਗਿਆਕਾਰੀ ਦੇ ਕਦਮ ਹੋਣਗੇ, ਉਨ੍ਹਾਂ ਸਾਡੇ ਮੁੜ ਤੋਂ ਇਕੱਠੇ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਆਗਿਆ ਪਾਲਨ ਸੌਖਾ ਹੋਵੇਗਾ।

**ਕਦਮ 3 – ਆਪਣੀ ਯੋਜਨਾ ਦਾ ਅਭਿਆਸ ਕਰਨਾ**

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਇਕੱਠੇ ਸਮੇਂ ਨੂੰ ਖਤਮ ਕਰੋ, ਜੋ ਜਾਂ ਤਿੰਨ ਦੇ ਛੋਟੇ ਸਮੂਹਾਂ ਵਿੱਚ 3/3 ਸਮੂਹ ਲਈ ਅੰਤਰਾਲ ਲਉ ਅਤੇ ਜੋ ਤੁਸੀਂ ਪ੍ਰਭੂ ਤੋਂ ਕਰਨ ਲਈ ਸੁਣਿਆ ਹੈ ਉਸ ਦਾ ਅਭਿਆਸ ਕਰੋ।

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਤੋਂ ਸਿਧਾਂਤ:**

- ਅਗਵਾਈ ਸੈੱਲ

**ਇਸ ਸੈਸ਼ਨ ਤੋਂ ਸਾਧਨ:**

- 3/3 ਸਮੂਹ ਮੀਟਿੰਗ

ZÚME

ਵਿਸਤ੍ਰਿਤ ਸੈਸ਼ਨ 5

---

## ਚੈਕਇੰਨ

**(1 ਮਿੰਟ)**

ਸਾਰੇ ਭਾਗ ਲੈਣ ਵਾਲਿਆਂ ਅਤੇ ਫੈਸਿਲੀਟੇਟਰ ਨੂੰ ਚੈਕਇੰਨ ਕਰੋ।

ਜਾਂ zume.training/checkin ਅਤੇ ਕੋਡ ਦੀ ਵਰਤੋਂ ਕਰੋ: **5451**

---

## ਪ੍ਰਾਰਥਨਾ ਕਰੋ

**(5 ਮਿੰਟ)**

ਪ੍ਰਾਰਥਨਾ ਕਰੋ ਅਤੇ ਪਰਮੇਸ਼ੁਰ ਦਾ ਧੰਨਵਾਦ ਕਰੋ ਕਿ ਉਸ ਦੇ ਰਾਹ ਸਾਡੇ ਰਾਹ ਨਹੀਂ ਹਨ ਅਤੇ ਉਸ ਦੇ ਵਿਚਾਰ ਸਾਡੇ ਵਿਚਾਰ ਨਹੀਂ ਹਨ। ਉਸ ਨੂੰ ਕਹੋ ਕਿ ਤੁਹਾਡੇ ਸਮੂਹ ਵਿੱਚ ਹਰੇਕ ਨੂੰ ਮਸੀਹ ਦਾ ਮਨ ਦੇਵੇ – ਸਦਾ ਉਸ ਦੇ ਪਿਤਾ ਦੇ ਕੰਮ ਤੇ ਫੋਕਸ ਰਹਿਣ। ਪਵਿੱਤਰ ਆਤਮਾ ਨੂੰ ਕਹੋ ਕਿ ਤੁਹਾਡੇ ਇਕੱਠੇ ਹੋਣ ਦੇ ਸਮੇਂ ਵਿੱਚ ਅਗਵਾਈ ਕਰੇ ਅਤੇ ਇਸ ਨੂੰ ਹੁਣ ਤੱਕ ਦਾ ਉੱਤਮ ਸੈਸ਼ਨ ਬਣਾ ਦੇਵੇ।

---

## ਪਿੱਛੇ ਵੇਖੋ

**(5 ਮਿੰਟ)**

ਸ਼ੁਰੂ ਕਰਨ ਤੋਂ ਪਹਿਲਾਂ, ਕੁਝ ਸਮਾਂ ਪਿੱਛੇ ਵੇਖਣ ਲਈ ਕੱਢੋ।

ਆਖਰੀ ਸੈਸ਼ਨ ਦੇ ਅੰਤ ਵਿੱਚ, ਤੁਹਾਡੇ ਸਮੂਹ ਵਿੱਚ ਹਰੇਕ ਜੋ ਤੁਸੀਂ ਸਿੱਖਿਆ ਉਸ ਦਾ ਅਭਿਆਸ ਕਰਨ ਦੀ ਚੁਣੌਤੀ ਦਿੱਤਾ ਗਿਆ ਸੀ।

ਇਸ ਹਫ਼ਤੇ ਤੁਹਾਡੇ ਸਮੂਹ ਨੇ ਕਿਵੇਂ ਕੀਤਾ ਇਹ ਵੇਖਣ ਲਈ ਕੁਝ ਪਲ ਕੱਢੋ।

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ, ਅਸੀਂ ਇਨ੍ਹਾਂ ਸਿਧਾਂਤਾਂ ਨੂੰ ਸੁਣਾਂਗੇ ਅਤੇ ਚਰਚਾ ਕਰਾਂਗੇ:**

- ਗੈਰ-ਕ੍ਰਮਅਨੁਸਾਰ ਵਾਧਾ
- ਗਤੀ
- ਸਦਾ ਦੋ ਕਲੀਸਿਯਾਵਾਂ ਦਾ ਭਾਗ

**ਅਤੇ ਅਸੀਂ ਸਾਡੀ ਟੂਲਕਿੱਟ ਵਿੱਚ ਇਸ ਸਾਧਨ ਨੂੰ ਜੋੜਾਂਗੇ:**

- ਕੋਚਿੰਗ ਜਾਂਚਸੂਚੀ
- ਚਾਰ ਖੇਤਰੀ
- ਕੁਲਪੱਤਰੀ ਨਕਸ਼ਾ

## ਪੜ੍ਹੋ

**(5 ਮਿੰਟ)**

**ਗੈਰ-ਕ੍ਰਮਅਨੁਸਾਰ ਵਾਧਾ**

ਇਸ ਸੈਸ਼ਨ ਵਿੱਚ, ਅਸੀਂ ਸਿੱਖਾਂਗੇ ਕਿ ਰਾਜ ਨੂੰ ਵਧਾਉਣ ਦੇ ਲਈ ਇੱਕ ਰੇਖਾਕਾਰ ਤਰੀਕੇ ਨਾਲ ਸੋਚਣ ਦੀ ਆਦਤ ਨੂੰ ਕਿਵੇਂ ਤੋੜਨਾ ਹੈ। ਅਜਿਹੇ ਚੇਲੇ ਬਣਾਉਣ ਦੇ ਲਈ ਜਿੰਨਾਂ ਤੇਜ਼ੀ ਨਾਲ ਚੇਲੇ ਬਣਾਉਂਦੇ ਹਨ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਇਕੋ ਸਮੇਂ ਕਈ ਚੀਜਾਂ ਹੋ ਸਕਦੀਆਂ ਹਨ ਅਤੇ ਅਜਿਹਾ ਜਰੂਰੀ ਨਹੀ ਹੈ ਕਿ ਉਹ ਤਰਤੀਬ ਵਿੱਚ ਹੋਣ।

ਸਾਨੂੰ ਬਿਨਾ ਤਰਤੀਬ ਦੇ ਵਿਕਾਸ ਦੀ ਸ਼ਕਤੀ ਸਿੱਖਣੀ ਪਵੇਗੀ। ਜਦੋਂ ਲੋਕ ਚੇਲੇ ਦੀ ਬਾੜੋਤੀ ਬਾਰੇ ਸੋਚਦੇ ਹਨ ਤਾਂ ਉਹ ਅਕਸਰ ਇੱਕ ਕਦਮ-ਦਰ-ਕਦਮ ਦੀ ਪ੍ਰਕਿਰਿਆ ਦੇ ਤੌਰ ਤੇ ਇਸ ਬਾਰੇ ਸੋਚਦੇ ਹਨ।

ਪਹਿਲੀ ਪ੍ਰਾਰਥਨਾ। ਫਿਰ ਤਿਆਰੀ। ਫਿਰ ਪਰਮੇਸ਼ੁਰ ਦੀ ਇੰਗੀਲ ਬਾਰੇ ਦਸਣਾ। ਫਿਰ ਚੇਲੇ ਬਣਾਉਣਾ। ਫਿਰ ਚਰਚ ਬਣਾਉਣਾ। ਫਿਰ ਵਿਕਾਸਸ਼ੀਲ ਆਗੂ ਖੜ੍ਹਾ ਕਰਨਾ। ਫਿਰ ਪ੍ਰਜਨਨ।

ਜਦੋਂ ਅਸੀਂ ਇਸਤਰੀ ਦੇ ਨਾਲ ਸਿੱਖਦੇ ਹਾਂ। ਤਾਂ ਲੱਗਦਾ ਹੈ ਕਿ ਰਾਜ ਦੀ ਤਰੱਕੀ ਆਸਾਨੀ ਨਾਲ, ਲੀਨੀਅਰ ਅਤੇ ਕ੍ਰਮਵਾਰ ਪ੍ਰਕਿਰਿਆ ਲਗਦੀ ਹੈ। ਇੱਕ ਸਮੱਸਿਆ ਇਹ ਨਹੀਂ ਹੈ ਕਿ ਇਹ ਹਮੇਸ਼ਾ ਕਿਵੇਂ ਵਿਕ ਰਿਹਾ ਹੈ। ਇਕ ਵੱਡੀ ਸਮੱਸਿਆ ਇਹ ਹੈ ਕਿ ਜੇ ਇਹ ਅਕਸਰ ਵਧੀਆ ਕੰਮ ਨਹੀਂ ਕਰਦਾ ਤਾਂ।

ਇਹ ਰੇਖਾ ਇੱਕ ਵਿਅਕਤੀ ਦੇ ਜੀਵਨ ਨੂੰ ਦਰਸਾਉਂਦੀ ਹੈ। ਇੱਥੇ ਜਨਮ ਹੈ। ਇੱਥੇ ਉਹ ਪਹਿਲੀ ਵਾਰ ਹੈ ਜਦੋਂ ਉਹ ਪਰਮੇਸ਼ੁਰ ਦੀ ਇੰਜੀਲ ਸੁਣਦੇ ਹਨ।

ਇੱਥੇ ਉਹ ਯਿਸੂ ਦਾ ਚੇਲਾ ਬਣਨ ਦਾ ਫੈਸਲਾ ਕਰਦੇ ਹਨ। ਇੱਥੇ ਉਹ ਪਹਿਲੀ ਵਾਰ ਆਪਣੀ ਕਹਾਣੀ ਅਤੇ ਰੱਬ ਦੀ ਕਹਾਣੀ ਨੂੰ ਸਾਂਝਾ ਕਰਦੇ ਹਨ ਅਤੇ ਉਹ ਵੱਧਣਾ ਸ਼ੁਰੂ ਕਰਦੇ ਹਨ। ਅਤੇ ਇਥੇ ਹੀ ਜੀਵਨ ਖਤਮ ਹੁੰਦਾਹੈ।




ਤਾਂ ਇੱਥੇ ਤੋਂ ਇੱਥੋਂ ਤੱਕ – ਯਿਸੂ ਬਾਰੇ ਪਹਿਲੀ ਵਾਰ ਸੁਣਨ ਤੋਂ ਲੈ ਕੇ ਯਿਸੂ ਬਾਰੇ ਦੱਸਣ ਤੱਕ, ਅਸੀਂ ਇਹਨੂੰ ਇੱਕ ਆਤਮਿਕ ਪੀਹੜੀ ਕਹਿੰਦੇ ਹਾਂ।

ਵੱਧਣ ਤੋਂ ਪਹਿਲਾਂ ਦਾ ਸਮਾਂ। ਪਰਮੇਸ਼ੁਰ ਦੇ ਪਰਿਵਾਰ ਦੇ ਵੱਧਣ ਤੋਂ ਪਹਿਲਾਂ ਦਾ ਸਮਾਂ। ਆਮ ਤੌਰ 'ਤੇ ਚੇਲਿਆਂ ਨੂੰ ਇਸੀ ਤਰਾਂ ਸਿਖਾਇਆ ਜਾਂਦਾ ਹੈ। ਪਰ ਜਦੋਂ ਅਸੀਂ ਸਭ ਤੋਂ ਵੱਡੀ ਬਰਕਤ ਵਰਗੇ ਨਮੂਨੇ ਦੀ ਵਰਤੋਂ ਕਰਦੇ ਹਾਂ–ਤਾਂ ਦੇਖੋ ਕਿ ਹੁੰਦਾ ਹੈ।




ਹੁਣ ਇਕ ਨਵਾਂ ਚੇਲਾ ਫੁਰਤੀ ਨਾਲ ਵੱਧਣ ਲੱਗਦਾਹੈ। ਆਤਮਿਕ ਪੀੜ੍ਹੀ ਛੋਟੀ ਹੋ ਜਾਂਦੀ ਹੈ। ਕੋਈ ਪਰਮੇਸ਼ਰ ਦੇ ਇੰਜੀਲ ਨੂੰ ਜਲਦੀ ਸੁਣਦਾ ਹੈ। ਪਰਮੇਸ਼ਰ ਦਾ ਪਰਿਵਾਰ ਹੋਰ ਤੇਜ਼ੀ ਨਾਲ ਵੱਧਦਾ ਹੈ। ਹੋਰ ਲੋਕ ਹਮੇਸ਼ਾ ਲਈ ਅਨੰਤ ਕਾਲ ਦੇ ਲਈ ਬਚ ਜਾਂਦੇ ਹਨ।

ਅਤੇ ਇਹ ਸਭ ਬਸ ਅੱਗੇ ਵਧਣ ਦੇ ਦੁਆਰਾ ਹੁੰਦਾ ਹੈ ਜਦੋਂ ਉਹ ਵੱਧਦੇ ਹਨ। ਪਰ ਓਦੋਂ ਕਿ ਜਦੋਂ ਅਸੀਂ ਅਸੀਂ ਲਗਾਤਾਰ ਅੱਗੇ ਵੱਧਦੇ ਰਹੇ ? ਤੱਦ ਕੀ ਜੱਦ ਕੋਈ ਪਹਿਲਾਂ ਹੀ ਵਧਣ ਲਗਦਾ ? ਕੀ ਹੁੰਦਾ ਹੈ ਜੇ ਉਹ ਪਹਿਲੀ ਵਾਰ ਵਿਸ਼ਵਾਸ ਕਰਨ ਦੀ ਬਜਾਏ ਪਹਿਲੀ ਵਾਰ ਸੁਣਨ ਤੋਂ ਬਾਅਦ ਹੀ ਪਰਚਾਰ ਕਰਨ ਲੱਗ ਜਾਣ ?




ਕੁਝ ਲੋਕ ਯਿਸੂ ਨੂੰ "ਹਾਂ" ਕਹਿਣ ਤੋਂ ਪਹਿਲਾਂ ਇੱਕ ਸਮੂਹ ਨੂੰ ਇਕੱਠਾ ਕਰਨ ਅਤੇ ਪਰਮੇਸ਼ੁਰ ਦੇ ਸ਼ਬਦ ਤੋਂ ਜੋ ਸਿੱਖਦੇ ਹਨ ਉਹ ਆਪਣੇ ਦੋਸਤਾਂ ਅਤੇ ਪਰਿਵਾਰ ਨੂੰ ਦੱਸਣ ਦੇ ਲਈ ਤਿਆਰ ਰਹਿੰਦੇ ਹਨ ? ਜੇ ਅਸੀਂ ਉਨ੍ਹਾਂ ਲੋਕਾਂ ਨੂੰ ਦਿਖਾਉਂਦੇ ਹਾਂ ਕਿ ਇੱਕ ਸਮੂਹ ਨੂੰ ਕਿਵੇਂ ਇਕੱਠਾ ਕਰਨਾ ਹੈ ਅਤੇ ਉਹ ਜੋ ਕੁਝ ਸਿਖਿਆ ਹੈ ਉਸਨੂੰ ਕਰਨ ਦੇ ਲਈ ਕਿਵੇਂ ਦਸਣਾ ਹੈ ਅਤੇ ਸਿਖਣਾ ਹੈ ਤਾਂ ਪਰਮੇਸ਼ਰ ਦਾ ਪਰਿਵਾਰ ਹੋਰ ਵੀ ਤੇਜ਼ੀ ਨਾਲ ਵਧੇਗਾ।

ਹੁਣ ਚੇਲਾ ਬਣਨਾ ਯਿਸੂ ਤੱਕ ਜਾਣ ਲਈ ਇੱਕ ਰਾਹ ਹੈ, ਨਾ ਕਿ ਅਸੀਂ ਮੁਕਤੀ ਤੋਂ ਬਾਅਦ ਜੋ ਪਰਚਾਰ ਕਰਦੇ ਹਾਂ। ਇਸ ਤਰਾਂ ਨਾਲ ਇੱਕ ਪਰਿਵਾਰ ਜਾਂਦੋ ਸਤ ਜਾਂ ਇੱਕ ਪਿੰਡ ਵੀ ਯਿਸੂ ਦੇ ਚੇਲੇ ਬਣ ਸਕਦੇ ਹਨ। ਪਰ ਓਦੋਂ ਕਿ ਜਦੋ ਕੋਈ ਇਸ ਤੋਂ ਵੀ ਤੇਜ਼ੀ ਨਾਲ ਵੱਧ ਸਕਦਾ ਹੈ ? ਓਦੋਂ ਕਿ ਜਦੋ ਕੋਈ ਪਰਮੇਸ਼ਰ ਦੇ ਪੁੱਤਰ ਨੂੰ ਮਿਲਣ ਤੋਂ ਪਹਿਲਾ ਪਰਮੇਸ਼ਰ ਦੇ ਤਰੀਕਿਆਂ ਨੂੰ ਦੱਸਣ ਲੱਗੇ ?




ਕਦੇ ਕਦੇ ਇੱਕ ਸਮੂਹ ਤੁਰੰਤ ਪਰਮੇਸ਼ਰ ਦੀ ਇੰਜੀਲ ਨੂੰ ਸੁਨਣ ਵਿੱਚ ਅਸਮਰੱਥ ਹੋਵੇ ਜਾਂ ਤਿਆਰ ਨਾ ਹੋਵੇ। ਪਰ ਫਿਰ ਵੀ ਇਹ ਸਮੂਹ ਪਰਮੇਸ਼ਰ ਦੇ ਨਮੂਨੇ ਨੂੰ ਸਿਖਾ ਸਕਦਾ ਹੈ – ਭਾਈਚਾਰ ਵਿਕਾਸ ਜਾਂ ਲੀਡਰਸ਼ਿਪ ਸਿਖਲਾਈ ਵਰਗੇ ਯਤਨਾਂ ਦੁਆਰਾ। ਇਹ ਸਮੂਹ ਪਰਮੇਸ਼ਰ ਦੇ ਨਮੂਨੇ ਨੂੰ ਵਧਾਉਣਾ ਸ਼ੁਰੂ ਕਰ ਸਕਦਾ ਹੈ – ਸਿਖਦੇ ਹੋਏ – ਆਗਿਆ ਮੰਨਦੇ ਹੋਏ – ਵੰਡਦੇ ਹੋਏ – ਅਤੇ ਯਿਸੂ ਦੇ ਬਾਰੇ ਵਿੱਚ ਸੁਨਣ ਤੋਂ ਪਹਿਲਾਂ ਹੀ ਦੂਜਿਆਂ ਨੂੰ ਵੀ ਉਹੀ ਕਰਨਾ ਸਿਖਾਉਂਦੇ ਹੋਏ।

ਜਦੋਂ ਅਜਿਹਾ ਹੁੰਦਾ ਹੈ, ਤੱਦ ਪਰਮੇਸ਼ਰ ਦੇ ਤਰੀਕੇ ਇਸ਼ੁਕਦੇਦਿਲਤੇ ਚੱਪ ਜਾਂਦੇ ਹਨ। ਓਹਨਾਂ ਦੇ ਨਮੂਨੇ ਇੱਕਭਾਈਚਾਰੇ ਅਤੇ ਵਿਅਕਤੀ ਦੀ ਜਿੰਦਗੀ ਵਿੱਚ ਬੁਣ ਦਿੱਤੇ ਜਾਂਦੇ ਹਨ। ਪਰਮੇਸ਼ਰ ਦਾ ਰਸਤਾ ਤਿਆਰ ਹੋ ਜਾਣ ਤੋਂ ਬਾਅਦ – ਪਰਮੇਸ਼ਰ ਦੀ ਇੰਜੀਲ  ਓਹ ਸਚਾਈ ਨੂੰ ਪਰਗਟ ਕਰ ਸਕਦੀ ਹੈ ਜਿਹਨੂੰ ਓਹ ਗ੍ਰਹਿਣ ਕਰ ਰਹੇ ਸੀ। ਇਸ ਤਰਾਂ ਨਾਲ ਇੱਕ ਸੰਸਥਾ, ਇੱਕ ਸਮੁਦਾਇਆ ਜਾਂ ਇੱਕ ਦੇਸ਼ ਯੀਸ਼ੂ ਦਾ ਚੇਲਾ ਬਣ ਸਕਦਾ ਹੈ।

ਬਿਨਾਂ ਤਰਤੀਬ ਦੀ ਬਡੋਤੀ ਵਿੱਚ ਇਹ ਸੋਚ ਦੀ ਲੋੜ ਹੈ ਕਿ “ਕਿ ਜ਼ਰੂਰੀ ਹੈ ?” ਪ੍ਰਕਿਰਿਆ ਭਾਂਵੇ ਕੋਈ ਵੀ ਹੋਵੇ – ਵੱਡਾ ਸਵਾਲ ਹਮੇਸ਼ਾ ਓਹੀ ਰਵੇਗਾ। ਚੰਗੀ ਭੂਮੀ ਕਿਹੜੀ ਹੈ ਜੋ ਵਿਸ਼ਵਾਸ ਯੋਗ ਰਹੂਗਾ? ਕੋਣ ਪਰਮੇਸ਼ਰ ਦੇ ਤਰੀਕਿਆਂ ਨੂੰ ਸਿਖੁਗਾ ਅਤੇ ਅਭਿਆਸ ਕਰੂਗਾ ਅਤੇ ਦੂਜਿਆਂ ਨੂੰ ਦਸੇਗਾ ?

ਚੰਗੀ ਮਿੱਟੀ ਨੂੰ ਖੋਲਨਾ – ਜਾਣੀ ਚੰਗੇ ਦਿਲ ਨੂੰ ਲਭਣਾ– ਸਾਡੇ ਸਾਰੇ ਸਮੇ ਅਤੇ ਸ਼ਕਤੀ ਅਤੇ ਕੋਸ਼ਿਸ਼ ਦੇ ਕਾਬਿਲ ਹਨ। ਇਹਨਾਂ ਲਈ ਅਸੀਂ ਆਪਣੇ ਹਿਰਦੇ ਨੂੰ ਬਿਆਨ ਕਰਦੇ ਹਾਂ।  ਇਹਨਾਂ ਲਈ ਅਸੀਂ ਆਪਣੀ ਜਿੰਦਗੀ ਨੂੰ ਬਿਆਨ ਕਰਦੇ ਹਾਂ। ਇਹ ਓਹ ਲੋਕ ਹਨ ਜੋ ਪਰਮੇਸ਼ਰ ਦੇ ਰਾਜ ਨੂੰ ਸੱਭ ਤੋਂ ਵਧਿਆ ਵਧਾਉਂਦੇ ਹਨ।

## ਚਰਚਾ ਕਰੋ

**(10 ਮਿੰਟ)**

- ਇਸ ਵੀਡੀਓ ਵਿੱਚ ਕਿਹੜਾ ਸਭ ਤੋਂ ਜ਼ਿਆਦਾ ਉਤਸ਼ਾਹਿਤ ਕਰਨ ਵਾਲਾ ਵਿਚਾਰ ਤੁਸੀਂ ਸੁਣਿਆ ਹੈ? ਕਿਉਂ?
- ਕਿਹੜਾ ਸਭ ਤੋਂ ਚੁਣੌਤੀ ਭਰਿਆ ਵਿਚਾਰ ਹੈ? ਕਿਉਂ?

## ਪੜ੍ਹੋ

**(5 ਮਿੰਟ)**

**ਗਤੀ**

ਇਸ ਸੇਸ਼ਨ ਵਿੱਚ ਅਸੀਂ ਸਿਖਾਂਗੇ ਕਿ ਵਧਣਾ ਕਿਓਂ ਜਰੂਰੀ ਹੈ ਅਤੇ ਛੇਤੀ ਨਾਲ ਵਧਣਾ ਹੋਰ ਵੀ ਜਰੂਰੀ ਕਿਓਂ ਹੈ ਇਹ ਸੇਸ਼ਨ ਰਫ਼ਤਾਰ ਦੇ ਬਾਰੇ ਚ ਹੈ। ਰਫ਼ਤਾਰ ਸਮੇਂ ਦੇ ਬਾਰੇ ਚ ਹੈ ਜਾਨੇ ਚੀਜ਼ਾਂ ਕਿਨੀ ਤੇਜ਼ੀ ਨਾਲ ਜਾਂ ਹੋਲੇ ਹੁੰਦੀਆਂ ਹਨ। ਰਫ਼ਤਾਰ ਨਾਲ ਫ਼ਰਕ ਪੈਂਦਾ ਹੈ ਕਿਓਂਕੀ ਜਿਥੇ ਅਸੀਂ ਸਾਰੇ ਆਪਣਾ ਬਿਤਾਂਦੇ ਹਾਂ – ਇਕ ਅਸਤਿਤਵ ਜੋ ਸਦਾ ਤਕ ਬਣਿਆ ਰਹੇਗਾ। ਇਹ ਛੋਟੇ ਜਿਹੇ ਸਮੇਂ ਵਿੱਚ ਨਿਰਧਾਰਤ ਹੁੰਦਾ ਹੈ – ਜਿਸਨੂੰ ਅਸੀਂ 'ਜੀਵਨ' ਕਹਿੰਦੇ ਹਾਂ।

ਪਰਮੇਸ਼ਰ ਦਾ ਵਚਨ ਸਾਨੂੰ ਦਸਦਾ ਹੈ ਕਿ ਪਰਮੇਸ਼ਰ ਸਾਡੇ ਨਾਲ ਧੀਰਜ ਧਰਦੇ ਹਨ – ਓਹ ਨਹੀ ਚਾਹੁੰਦੇ ਕਿ ਕਿਸੇ ਦਾ ਨਾਸ਼ ਹੋਵੇ, ਸਗੋਂ ਹਰ ਇਕ ਦਾ ਉਦ੍ਹਾਰ ਹੋਵੇ। ਪਰਮੇਸ਼ਰ ਸਾਨੂੰ ਹੋਰ ਸਮਾਂ ਦਿੰਦੇ ਹਨ ਕਿਓਂਕੀ ਓਹ ਜਾਣਦੇ ਹਨ ਕਿ ਸਾਡੇ ਕੋਲ ਸਮਾਂ ਘੱਟ ਹੈ ਜਿਸਨੂੰ ਕਰਨ। ਦੇ ਲਈ ਓਨਾਂ ਨੇ ਸਾਨੂੰ ਬੁਲਾਇਆ ਹੈ ਤੇ ਓਨਾਂ ਸਾਰਿਆਂ ਤਕ ਪਹੁਚਣ ਦੇ ਲਈ ਜਿਹਨਾਂ ਤਕ ਪਹੁੰਚਣ ਦੇ ਲਈ ਓਹਨਾਂ ਨੇ ਬੁਲਾਇਆ ਹੈ।

ਯਿਸੂ ਦਾ ਹੋਰ ਚੰਗੀ ਤਰਾਂ ਅਨੁਸਰਣ ਕਰਨ ਦੇ ਲਈ, ਸਾਨੂੰ ਓਨਾਂ ਦੇ ਲੋਕਾਂ ਦੇ ਪਿਛੇ ਹੋਰ ਤੇਜ਼ੀ ਨਾਲ ਜਾਣਾ ਹੈ ਅਸੀਂ ਆਪਣੇ ਹਿਸਾਬ ਨਾਲ ਨਹੀ ਚਲ ਸਕਦੇ। ਸਾਨੂੰ ਆਪਣੀ ਰਫ਼ਤਾਰ ਵਧਾਣੀ ਹੋਵੇਗੀ।

ਵਿਸ਼ਵ ਚਰਚ - ਯਿਸੂ ਦੇ ਸਾਰੇ ਚੇਲੇ, - ਕਠੇ – ਪਹਿਲਾਂ ਤੋਂ ਵੀ ਵੱਧ ਹਨ। ਵਿਸ਼ਵ ਚਰਚ - ਯਿਸੂ ਦੇ ਸਾਰੇ ਚੇਲੇ - ਦੁਨਿਆਂ ਦੀ ਆਬਾਦੀ ਵਿੱਚ ਹੁਣ ਤੱਕ ਹੋਰ ਜ਼ਿਆਦਾ ਵੱਡਾ ਹਿੱਸਾ। ਪਰ ਏਨੀ ਵੱਡੀ ਆਬਾਦੀ ਦੇ ਬਾਵਜੂਦ - ਵਿਸ਼ਵ ਚਰਚ ਚਰਚ, ਵਿਸ਼ਵ ਚਰਚ ਆਬਾਦੀ ਦੇ ਮੁਕ਼ਾਬਲੇ ਵਿੱਚ ਤੇਜ਼ੀ ਨਾਲ ਨਹੀ ਵੱਧ ਰਿਹਾ।

ਇਸਦਾ ਅਰਥ ਹੈ ਕਿ ਜਦਕਿ ਯਿਸੂ ਦੇ ਚੇਲਿਆਂ ਦੀ ਤਾਦਾਦ ਪਹਿਲਾਂ ਤੋਂ ਵੱਧ ਹੈ, ਫੇਰ ਵੀ ਬੋਹਤ ਸਾਰੇ ਲੋਕ ਹਨ ਜੋ ਯਿਸੂ ਦਾ ਅਨੁਸਰਣ ਨਹੀ ਕਰ ਰਹੇ ਹਨ ਅਤੇ ਅਨੰਤ ਕਾਲ ਤੱਕ ਓਸ ਤੋਂ ਅਲਗ ਜੀਣਗੇ, ਪਹਿਲਾਂ ਤੋਂ ਕਿੱਤੇ ਜ਼ਿਆਦਾ।

ਅਜੇਹੇ ਚੇਲੇ ਬਣਾਨਾ ਜੋ ਵਾਧਾ ਕਰਦੇ ਹਨ, ਜ਼ਰੂਰੀ ਹਨ। ਇਕ ਚੇਲੇ ਤੋਂ ਸ਼ੁਰੁਆਤ ਕਰੋ। ਜੇ ਓਹ ਵਧਦੇ ਹਨ ਤੇ ਹਰ 18 ਮਹਿਨਿਆਂ ਵਿੱਚ ਇਕ ਨਵਾਂ ਚੇਲਾ ਬਣਾਂਦੇ ਹਨ ਤੇ ਅੱਗੋਂ ਓਹ ਚੇਲੇ ਵੀ ਇਹੀ ਕਰਦੇ ਹਨ – ਤਾਂ 10 ਸਾਲਾਂ ਵਿੱਚ, ਯਿਸੂ ਦੇ 64 ਨਵੇਂ ਚੇਲੇ ਬਣ ਜਾਣਗੇ। 64 ਲੋਕ ਆਪਣਾ ਅਨੰਤ ਜੀਵਨ ਪ੍ਰੇਮੀ ਪਰਮੇਸ਼ਰ ਦੇ ਨਾਲ ਗੁਜਾਰਣਗੇ।

ਪਰ ਜੇ ਉਹ ਥੋੜਾ ਤੇਜ਼ ਹੋ ਜਾਵੇ ਤਾਂ? ਜੇ ਉਨ੍ਹਾਂ ਨੇ ਆਪਣਾ ਪੈਰਾ ਵਧਾ ਦਿੱਤਾ ਹੋਵੇ ਤਾਂ?

ਜੇ ਹੁਣ ਓਹ 18 ਮਹੀਨਿਆਂ ਦੀ ਬਜਾਏ 4 ਮਹਿਨਿਆਂ ਵਿੱਚ ਵੱਧ ਜਾਣ, ਤੇ ਹੁਣ ਚੇਲਾ ਵੀ ਅਜੇਹਾ ਹੀ ਕਰਨ – ਤਾਂ 10 ਸਾਲਾਂ ਵਿੱਚ, ਯਿਸੂ ਦੇ ਇਕ ਕਰੋੜ ਨਵੇਂ ਚੇਲੇ ਬਣ ਜਾਂਣਗੇ। ਇਸ ਬਾਰੇ ਵਿੱਚ ਸੋਚੋ। 100 ਤੋਂ ਘੱਟ ਹੋਣ ਦੀ ਬਜਾਏ। 1000,000,000 ਤੋਂ ਵੀ ਜ਼ਿਆਦਾ।

ਸਿਰਫ ਰਫ਼ਤਾਰ ਵਧਣ ਦੇ ਜਰਿਏ।

18 ਮਹੀਨੇ ਤੋਂ 4 ਮਹੀਨੇ ਵਿੱਚ ਜਾਣ ਦਾ ਅਰਥ ਹੈ ਅਸੀਂ ਸਾਡੇ 4 ਗੁਣਾ ਤੇਜ਼ੀ ਨਾਲ ਵੱਧ ਰਹੇ ਹਾਂ। ਪਰ 10 ਸਾਲ ਦੇ ਦੌਰਾਨ ਹਰ ਇੱਕ ਚੇਲੇ 'ਤੇ ਇਹ ਪ੍ਰਕਿਰਿਆ ਲਾਗੂ ਹੋਣ ਦਾ ਮਤਲਬ ਹੈ ਕਿ ਪਰਮੇਸ਼ੁਰ ਦਾ ਪਰਿਵਾਰ 15 ਲੱਖ ਤੋਂ ਵੱਧ ਤੇਜ਼ ਹੋ ਰਿਹਾ ਹੈ। ਸੌ ਤੋਂ ਘੱਟ। ਕਰੋੜ ਤੋਂ ਵੀ ਜ਼ਿਆਦਾ।

ਰਫ਼ਤਾਰ ਜ਼ਰੂਰੀ ਹੈ।

ਆਪਣੀ ਅਤੇ ਪਰਮੇਸ਼ਰ ਦੀ ਕਹਾਣੀ ਦਸਣ ਨਾਲ ਅਤੇ ਕਿਸੇ ਨੂੰ ਯਿਸੂ ਵਿੱਚ ਲਿਆਣ ਨਾਲ ਪਰਮੇਸ਼ਰ ਦਾ ਪਰਵਾਰ ਵਧਦਾ ਹੈ। ਇਕ ਨਵੇਂ ਚੇਲੇ ਨੂੰ ਦੱਸਣਾ ਕਿ ਇਸਨੂੰ ਇਸੀ ਤਰੀਕੇ ਨਾਲ ਕਿਵੇਂ ਕੀਤਾ ਜਾਵੇ, ਇਹ ਪਰਮੇਸ਼ਰ ਦੇ ਪਰਵਾਰ ਨੂੰ ਜੰਗਲ ਦੀ ਅੱਗ ਵਾਂਗ ਵਧਾਂਦਾ ਹੈ, ਬੋਹਤ ਤੇਜ਼ੀ ਨਾਲ। ਇਕ ਆੱਟੇ ਵਿੱਚ ਖ਼ਮੀਰ ਦੀ ਤਰਾਂ।

ਜ਼ੁਮੇਦੀ ਤਰਾਂ।

ਰਫ਼ਤਾਰ ਦੇ ਜ਼ਰੀਏ।

## ਚਰਚਾ ਕਰੋ

**(10 ਮਿੰਟ)**

- ਗਤੀ ਕਿਉਂ ਮਹੱਤਵਪੂਰਣ ਹੈ?
- ਗਤੀ ਲਈ ਪਰਮੇਸ਼ੁਰ ਦੀ ਪ੍ਰਾਥਮਿਕਤਾ ਨਾਲ ਉੱਤਮ ਮੇਲ ਲਈ ਤੁਹਾਨੂੰ ਆਪਣੀ ਸੋਚ, ਆਪਣੇ ਕੰਮਾਂ, ਜਾਂ ਤੁਹਾਡੇ ਰਵੱਈਏ ਵਿੱਚ ਕੀ ਬਦਲਾਅ ਕਰਨ ਦੀ ਲੋੜ ਹੈ?
- ਇਸ ਹਫ਼ਤੇ ਕਿਹੜੀ ਇੱਕ ਗੱਲ ਤੁਸੀਂ ਕਰਨਾ ਅਰੰਭ ਕਰ ਸਕਦੇ ਹੋ ਜੋ ਫ਼ਰਕ ਬਣਾਵੇਗੀ?

## ਪੜ੍ਹੋ

**(5 ਮਿੰਟ)**

**ਸਦਾ ਦੋ ਕਲੀਸਿਯਾਵਾਂ ਦਾ ਭਾਗ**

ਇਸ ਸੈਸ਼ਨ ਵਿੱਚ, ਅਸੀਂ ਸਿਖਾਂਗੇ ਯੀਸ਼ੂ ਦਾ ਵੱਧਣਾ ਅਤੇ ਵਿਸ਼ਵਾਸ਼ਯੋਗ ਹੋਣਾ, ਆਤਮਿਕ ਪਰਿਵਾਰ ਤੋਂ ਵੱਧਦੇ ਹੋਏ ਵਿਸ਼੍ਵਾਸਿਆਂ ਦਾ ਸ਼ਹਿਰ ਬਣਨ ਵਿੱਚ ਮਦਦ ਕਰਨ ਦੇ ਲਈ ਦੋ ਚਰਚ ਦਾ ਭਾਗ ਬਣ ਸਕਦੇ ਹਨ। ਪਰਮੇਸ਼ਰ ਦੇ ਵਚਨ ਵਿੱਚ – ਅਸੀਂ ਸਿਖਦੇ ਹਾਂ ਕਿ ਸਾਡੇ ਲਈ ਓਹਨਾ ਦੀ ਸਿਧ ਯੋਜਨਾ ਹੈ ਕਿ ਅਸੀਂ ਇੱਕ ਆਤਮਿਕ ਪਰਿਵਾਰ ਦੇ ਰੂਪ ਵਿੱਚ ਜਿਏ। ਬਾਈਬਲ ਇਸ ਪਰਿਵਾਰ ਨੂੰ ਇੱਕ ਚਰਚ ਦੇ ਰੂਪ ਵਿੱਚ ਦੱਸਦੀ ਹੈ ਜਿਹਦੇ ਤਿੰਨ ਪਰਕਾਰ ਹਨ।

- **ਵਿਸ਼ਵ ਵਿਆਪਿ ਚਰਚ** – ਸਾਰੇ ਵਿਸ਼ਵਾਸਿਆਂ ਦਾ ਇਕਠ ਹੋਣਾ ਜੋ ਸੀ, ਜੋ ਹਨ ਅਤੇ ਜੋ ਹੋਣਗੇ।
- **ਖੇਤਰੀ ਜਾਂ ਸਹਿਰੀ ਚਰਚ** – ਇੱਕ ਸ਼ਹਿਰ ਵਿੱਚ ਜਾਂ ਦੇਸ਼ ਦੇ ਕਿਸੇ ਭਾਗ ਵਿੱਚ ਵਿਸ਼ਵਾਸਿਆਂ ਦਾ ਇਕਠ ਹੋਣਾ।
- **ਸਧਾਰਨ ਚਰਚ** - ਵਿਸ਼ਵਾਸਿਆਂ ਦਾ ਇਕਠੇ ਹੋਣਾ ਜੋ ਇੱਕ ਛੋਟੀ ਸਮੂਹ ਵਿੱਚ ਮਿਲਦੇ ਹਨ ਜਿਵੇਂ ਕਿ ਕਿਸੇ ਇਮਾਤਾਰ ਵਿੱਚ ਜਾਂ ਘਰ ਵਿੱਚ।

ਇਹ ਸਬਤੋਂ ਛੋਟਾ ਸਮੂਹ – ਜਾਨੇ ਸ਼ਕਤੀਸ਼ਾਲੀ ਚਰਚ ਇੱਕ ਆਤਮਿਕ ਪਰਿਵਾਰ ਹੈ ਜੋ ਨਾਲ ਜੀਵਨ ਜਿਓਂਦਾ ਹੈ ਅਤੇ ਜਦੋ ਪਰਿਵਾਰ ਮਹਿਨਿਆਂ ਜਾਂ ਸਾਲਾਂ ਤੱਕ ਰਲ ਕੇ ਇਕਠੇ ਕੰਮ ਕਰ ਸਕੇ ਇਹ ਵਧੀਆ ਤਰੀਕੇ ਕੰਮ ਕਰਦਾ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਨਿਰਦੇਸ਼ ਦਿੱਤਾ ਕਿ ਲਗਾਤਾਰ ਨਵੇਂ ਆਤਮਿਕ ਪਰਿਵਾਰਾਂ ਦੀ ਸ਼ੁਰੂਆਤ ਅਤੇ ਓਹਨਾ ਨੂੰ ਵਧਾਉਣਾ ਚਾਹਿਦਾ ਹੈ ਤਾਂ ਜੋ ਓਹ ਯਿਸੂ ਵਰਗੇ ਬਣਨ, ਅਤੇ ਓਹਨਾ ਦੀ ਨਵੇਂ ਆਤਮਿਕ ਪਰਿਵਾਰਾਂ ਦੀ ਸ਼ੁਰੂਆਤ ਕਰਨਾ ਸਿਖਣ ਵਿੱਚ ਮਦਦ ਕਰਨੀ ਹੈ।

ਯਿਸੂ ਨੇ ਸਾਨੂੰ ਕਿਹਾ ਹੈ – ਸਾਰੀ ਕੌਮਾਂ ਦੇ ਲੋਕਾਂ ਨੂੰ ਚੇਲੇ ਬਣਾਉ, ਅਤੇ ਓਹਨਾ ਨੂੰ ਪਿਤਾ, ਪੁੱਤਰ, ਪਵਿਤਰ ਆਤਮਾ ਦੇ ਨਾਮ ਤੇ ਬਪਤਿਸਮਾ ਦਿਓ, ਅਤੇ ਓਹਨਾਂ ਨੂੰ ਸਾਰੀਆਂ ਗੱਲਾਂ ਜੋ ਮੇਰੀ ਆਗਇਆਵਾਂ ਹਨ, ਮਨਣਾ ਸਿਖਾਓ। ਤਾਂ ਇਹ ਦੋਵੇਂ ਚੀਜਾਂ ਇਕਠੇ ਕਿਵੇਂ ਕੰਮ ਕਰਦੀਆਂ ਹਨ – ਅਸੀਂ ਚਰਚ ਦਾ ਇੱਕ ਭਾਗ ਹੋ ਕੇ ਇੱਕ ਹੋਰ ਨਵੇ ਚਰਚ ਦੀ ਸ਼ੁਰੂਆਤ ਕਰਨ ਦੀ ਕਾਰਵਾਈ ਨਾਲ ਕਿਵੇਂ ਜੁੜ ਸਕਦੇ ਹਾਂ - ਓਹ ਵੀ ਇੱਕੋ ਵੇਲੇ ?

ਇੱਕ ਬੁਨਿਆਦੀ ਚਰਚ ਦੀ ਕਲਪਨਾ ਕਰੋ – ਸਿਰਫ ਚਾਰ ਪਰਿਵਾਰ ਹਰ ਜੋੜਾ ਇੱਕ ਅੱਡ ਮਿਯਾਂ ਬੀਬੀ ਨੂੰ ਦਰਸਾਉਂਦਾ ਹੈ ਜੋ ਆਪਣਾ ਘਰ ਚਾਲੁਂਦੇ ਹਨ। ਸਾਰੇ ਮਿਯਾਂ ਬੀਬੀ ਇੱਕ ਚਰਚ ਦਾ ਹਿੱਸਾ ਹਨ – ਇਹ ਓਹਨਾ ਦਾ ਆਤਮਿਕ ਪਰਿਵਾਰ ਹੈ।

ਇਹਨਾ ਦੇ ਨਾਲ ਓਹ ਜੀਵਨ ਗੁਜਾਰਦੇ ਹਨ – ਭਰਾ ਤੇ ਭੈਣਾ ਜੋ ਓਹਨਾ ਨੂੰ ਪ੍ਰੇਮ ਤੇ ਭਲੇ ਕੰਮਾ ਲਈ ਉਤਸ਼ਾਹਿਤ ਕਰਦੇ ਹਨ। ਇਹ ਮਿਯਾਂ-ਬੀਬੀ ਇੱਕ ਨਵੇਂ ਆਤਮਿਕ ਪਰਿਵਾਰ ਦੀ ਸ਼ੁਰਆਤ ਕਰਨ ਦੇ ਲਈ ਵੀ ਕੰਮ ਕਰਦੇ ਹਨ। ਜਦੋਂ ਨਵੇਂ ਆਤਮਿਕ ਪਰਿਵਾਰ ਦੀ ਸ਼ੁਰੂਵਾਤ ਅਤੇ ਵਾਧਾ ਹੁੰਦਾ ਹੈ, ਤਾਂ ਓਹ ਆਪਣੇ ਛੋਟੇ ਸਮੂਹ ਪਰਿਵਾਰ ਦੀ ਤਰਾਂ ਹਿੱਸਾ ਨਹੀ ਲੈਂਦੇ। ਸਗੋਂ ਓਹ ਆਦਰਸ਼ ਬਣਦੇ ਹਨ ਤੇ ਸਹਾਇਤਾ ਕਰਦੇ ਹਨ।

ਕਲਪਨਾ ਕਰੋ – ਸਿਰਫ ਇੱਕ ਚਰਚ ਚਾਰ ਨਵੇਂ ਚਰਚ ਦੀ ਸ਼ੁਰੂਵਾਤ ਕਰਦਾ ਹੈ। ਪਰਮੇਸ਼ਰ ਇਸ ਤਰਾਂ ਨਾਲ ਆਪਣੇ ਪਰਿਵਾਰ ਨੂੰ ਤੇਜ਼ੀ ਨਾਲ ਵਧਾ ਸਕਦੇ ਹਨ। ਇਸ ਤਰਾਂ ਚਕਚ ਆਪਣੀ ਰਫਤਾਰ ਨੂੰ ਵਧਾ ਸਕਦਾ ਹੈ।

ਸ਼ੁਰੂਆਤੀ ਸੈਸ਼ਨ ਵਿੱਚ ਅਸੀਂ ਸਿਖਲਾਈ ਚੱਕਰ ਦੇ ਬਰੇ ਵਿੱਚ ਸਿਖਿਆ – ਆਦਰਸ਼, ਸਹਾਇਤਾ ਕਰਨਾ, ਵੇਖਣਾ ਅਤੇ ਛੱਡਣਾ ਤੇ ਅਸੀਂ ਜਾਣਦੇ ਹਾਂ ਕਿ ਇਹ ਪਹਿਲੇ ਦੋ ਚਰਣ - ਆਦਰਸ਼ ਤੇ ਸਹਾਇਤਾ ਕਰਨਾ ਛੇਤੀ ਕੀਤੇ ਜਾਣੇ ਚਾਹੀਦੇ ਹਨ – ਤਾਂ ਜੋ ਨਵਾਂ ਵਿਸ਼ਵਾਸੀ ਸਵਸਥ ਰਹੇ ਅਤੇ ਵਿਸ਼ਵਾਸ'ਚ ਵਧੇ।

ਮੁਖ ਚਰਚ ਅਤੇ ਓਹਨਾ ਚਾਰ ਚਰਚ ਦੇ ਨਾਲ ਕਿ ਹੁੰਦਾ ਹੈ, ਜੋ ਓਹਨਾ ਨੇ ਸ਼ੁਰੂ ਕੀਤਾ ਹੈ ? ਆਦਰਸ਼ ਬਣਨ ਤੇ ਸਹਾਇਤਾ ਕਰਕੇ ਸ਼ੁਰਆਤ ਕਰਨ ਦੇ ਬਾਅਦ, ਇਹ ਮਿਯਾਂ-ਬੀਬੀ (ਮੁਖ ਚਰਚ) ਪਹਿਲਾਂ ਹੀ ਨਵੇਂ ਚਰਚ (ਪਹਿਲੀ ਪੀੜ੍ਹੀ) ਦੀ ਮਦਦ ਕਰ ਚੁੱਕੇ ਹਨ, ਤਾਂ ਜੋ ਓਹ ਇਸ ਨੂੰ ਦੁਹਰਾਉਣ (ਦੂਜੀ ਪੀੜ੍ਹੀ ਦੇ ਲਈ)। ਇਹਨਾ ਨਵੇਂ ਚਾਰ ਚਰਚ ਦੇ ਲਈ (ਪਹਿਲੀ ਪੀੜ੍ਹੀ) ਸਾਡੇ ਮਿਯਾਂ- ਬੀਬੀ (ਮੁਖ ਚਰਚ) ਹੁਣ ਨਿਗਰਾਨੀ ਰਖਦੇ ਹਨ – ਇਹਨਾ ਨਵੇਂ ਚਰਚ (ਪਹਿਲੀ ਪੀੜ੍ਹੀ) ਦੀ ਤਰੱਕੀ ਨੂੰ ਵੇਖਦੇ ਅਤੇ ਸਿਖਾਂਦੇ ਹੋਏ – ਜਦੋਂ ਓਹ ਨਵੇਂ ਚਰਚ (ਦੂਜੀ ਪੀੜ੍ਹੀ) ਦੀ ਆਦਰਸ਼ ਬਣਦੇ ਤੇ ਓਹਨਾਂ ਦੀ ਸਹਾਇਤਾ ਕਰਦੇ ਹਨ।

ਬਹੁਤ ਸਾਰੇ ਲੋਕ ਇੱਕ ਤੋਂ ਵੱਧ ਆਤਮਿਕ ਪਰਿਵਾਰ ਦਾ ਆਦਰਸ਼ ਬਣਨਾ ਅਤੇ ਮਦਦ ਕਰਨਾ ਨਹੀਂ ਕਰ ਸਕਦੇ। ਪਰ ਓਹਨਾ ਦੇ ਵਧਣ ਵਿੱਚ ਬਹੁਤ ਸਾਰੇ ਚਰਚ ਦੀ ਨਿਗਰਾਨੀ ਕਰ ਸਕਦੇ ਹਨ ਤੇ ਓਹਨਾਂ ਨੂੰ ਸਿਖਣ ਤੇ ਤਜੁਰਬੇਕਾਰ ਲੋਕਾਂ ਨਾਲ ਜੁੜਨ ਵਿੱਚ ਓਹਨਾਂ ਦੀ ਮਦਦ ਕਰ ਸਕਦੇ ਹਨ।

ਇਹਦਾ ਮਤਲਬ ਹੈ ਇੱਕ ਆਤਮਿਕ ਪਰਿਵਾਰ ਜਾਨੇਕਿ ਇੱਕ ਛੋਟੇ ਸਮੂਹ ਵਾਲਾ ਚਰਚ ਇੱਕ ਹੀ ਸਮੇਂ ਤੇ ਬਹੁਤ ਸਾਰੇ ਛੋਟੇ-ਛੋਟੇ ਸਮੂਹ ਚਰਚ ਦੀ ਸ਼ੁਰਆਤ ਕਰਨ ਦਾ ਹਿੱਸਾ ਬਣ ਸਕਦਾ ਹੈ। ਇਹ ਬਹੁਤ ਜਿਆਦਾ ਫਲ ਹੈ। ਸਾਰੇ ਚਰਚ ਦੇ ਨਾਲ ਕਿ ਹੁੰਦਾ ਹੈ – ਜਦੋਂ ਓਹ ਵੱਧਦੇ ਹਨ ਅਤੇ ਨਵੇਂ ਚਰਚ ਦੀ ਸੁਰੂਆਤ ਕਰਦੇ ਹਨ, ਫਿਰ ਇੱਕ ਹੋਰ ਨਵੇਂ ਚਰਚ ਦੀ ਸ਼ੁਰੁਆਤ ਕਰਦੇ ਹਨ ? ਓਹ ਕਿਵੇ ਜੁੜੇ ਰਹਿੰਦੇ ਹਨ ? ਅਤੇ ਇੱਕ ਵੱਡੇ ਆਤਮਿਕ ਪਰਿਵਾਰ ਦੇ ਰੂਪ ਵਿੱਚ ਕਿਵੇਂ ਜੀਵਨ ਬਤੀਤ ਕਰਦੇ ਹਨ ?

ਇਹਦਾ ਜਵਾਬ ਹੈ ਇਹ ਬੁਨਿਆਦੀ ਚਰਚ ਸ਼ਰੀਰ ਵਿੱਚ ਕੋਸ਼ਿਕਾਵਾਂ ਦੀ ਤਰਾਂ ਵੱਧਦੇ ਹਨ ਅਤੇ ਇੱਕਠੇ ਜੁੜਦੇ ਹਨ ਤੇ ਸ਼ਹਿਰ ਜਾਂ ਖੇਤਰੀ ਚਰਚ ਵਿੱਚ ਨੇਟਵਰਕ ਬਣਾਦੇ ਹਨ। ਚਰਚ ਇੱਕ ਦੂਜੇ ਨਾਲ ਜੁੜੇ ਰਹਿੰਦੇ ਹਨ। ਓਹਨਾਂ ਵਿੱਚ ਇੱਕੋ ਜਿਹਾ ਆਤਮਿਕ ਡੀ.ਅਨ.ਏ ਹੁੰਦਾ ਹੈ। ਇਹ ਸਾਰੇ ਵਧਣ ਵਾਲੇ ਪਹਿਲੇ ਪਰਿਵਾਰ ਨਾਲ ਜੁੜੇ ਰਹਿੰਦੇ ਹਨ।

ਹੁਣ ਓਹ – ਕੁਝ ਮਾਰਗ ਦਰਸ਼ਨ ਦੇ ਲਈ - ਹੋਰ ਵੱਧ ਕਰਨ ਦੇ ਲਈ ਇੱਕ ਵੱਡੇ ਪਰਿਵਾਰ ਦੇ ਰੂਪ ਵਿੱਚ ਇਕਠੇ ਆਉਂਦੇ ਹਨ।

---

## ਚਰਚਾ ਕਰੋ

**(10 ਮਿੰਟ)**

ਨਿਰੰਤਰ ਇੱਕ ਪਰਿਵਾਰ ਵਿੱਚ ਵਧਦੇ ਰਹਿਣ ਅਤੇ ਵਧਣ ਲਈ ਅੱਡ ਹੋ ਜਾਣ ਦੀ ਬਜਾਏ, ਨਿਰੰਤਰ ਇੱਕ ਆਤਮਿਕ ਪਰਿਵਾਰ ਬਣਾਈ ਰੱਖਣ ਦੇ ਕੁਝ ਕੀ ਲਾਭ ਹਨ ਜਿਹੜੇ ਨਵਿਆਂ ਨੂੰ ਜਨਮ ਦਿੰਦੇ ਜਿਹੜੇ ਵਧਦੇ ਅਤੇ ਗੁਣਾਤਮਕ ਵਾਧਾ ਕਰਦੇ ਹਨ?

---

## ਪੜ੍ਹੋ

**(5 ਮਿੰਟ)**

**ਕੋਚਿੰਗ ਜਾਂਚਸੂਚੀ**

ਯਿਸੂ ਨੇ ਕਿਹਾ – ਆਪਣੇ ਮਿਤਰਾਂ ਲਈ ਜਾਨ ਦੇਣ ਤੋਂ ਵੱਧ ਕੇ ਹੋਰ ਕੋਈ ਮਹਾਨ ਪ੍ਰੇਮ ਨਹੀ ਹੈ। ਯਿਸੂ ਨੇ ਸਾਨੂੰ ਦਸਿਆ ਤੇ ਬਾਰ – ਬਾਰ ਵਿਖਾਇਆ ਕਿ ਪਰਮੇਸ਼ਰ ਦਾ ਪਰਿਵਾਰ ਚੰਗੀ ਤਰਾਂ ਵਧਦਾ ਹੈ ਜਦੋਂ ਅਸੀਂ ਪਰਮੇਸ਼ਰ ਦੀ ਇਛਿਆ ਦੇ ਲਈ ਆਪਣੀ ਇਛਾਵਾਂ ਤਿਆਗਣ ਦੇ ਇਛੁਕ ਹੁੰਦੇ ਹਾਂ।

ਸਿਖਲਾਈ ਦੀ ਚੈਕਲਿਸਟ ਇਕ ਸੌਖਾ ਸਾਧਨ ਹੈ ਜਿਸਨੂੰ ਤੁਸੀ ਖੁਦ ਦੇ ਮਾਰਗਦਰਸ਼ਨ ਲਈ ਇਸਤਮਾਲ ਕਰ ਸਕਦੇ ਹੋ, ਜਦੋਂ ਤੁਸੀਂ ਜ਼ੁਮੇਸਿਖਲਾਈ ਦੇ ਅਨੇਕਾਂ ਵਿਭਾਗਾਂ ਦੇ ਜ਼ਰੀਏ ਦੂਜਿਆਂਦੀ ਮਦਦ ਕਰਦੇ ਹੋ ਜਿਵੇਂ ਕਿ ਸਿਖਲਾਈ / ਅਭਿਆਸ ਚੱਕਰ ਜਾਂ ਉਨਾਂ ਦੀ 100 ਦੀ ਲਿਸਟ।

ਦੂਜਿਆਂ ਦੇ ਵਿਕਾਸ ਵਿੱਚ ਤੁਸੀਂ ਕੀ ਹੁਨਰਦੇਖ ਰਹੇ ਹੋ ? ਕਿਨਾਂ ਖੇਤਰਾਂ ਵਿੱਚ ਹਾਲੇ ਵੀ ਵਿਕਾਸ ਦੀ ਲੋੜ ਹੈ।

ਸਿਖਲਾਈ ਦੀ ਚੈਕਲਿਸਟ ਦਾ ਹੋਣਾ ਤੁਹਾਡੇ ਧਿਆਨ ਨੂੰ ਕੇਂਦਰਿਤ ਕਰਨ ਵਿੱਚ ਮਦਦ ਕਰੇਗਾ ਤੇ ਤੁਹਾਨੂੰ ਪਰਮੇਸ਼ਰ ਦੇ ਪਰਿਵਾਰ ਦੇ ਆਗੂਆਂ ਦੇ ਵਿਚਕਾਰ ਯਿਸੂ ਦੇ ਵਿਕਸਤ ਚੇਲੇ ਦੇ ਰੂਪ ਵਿੱਚ ਬਣਾਈ ਰਖੇਗਾ ਭਾਂਵੇ ਤੁਸੀਂ ਜਿਥੇ ਵੀ ਜਾਓ, ਹਾਂ ਇਸ ਵਿੱਚ ਮਿਹਨਤ ਤੇ ਸਮਾਂ ਲਗਦਾ ਹੈ।

ਜੀ ਹਾਂ ਇਸਦਾ ਮਤਲਬ ਹੈ ਤਿਆਗ ਤੇ ਆਪਣੀ ਅਹਿਮਿਅਤਾਂ ਨੂੰ ਛਡਣਾ, ਪਰਮੇਸ਼ਰ ਦੀ ਉੱਤਮ ਯੋਜਨਾ ਦੇ ਲਈ। ਅਤੇ ਹਾਂ ਬਾਕੀ ਸਬ ਦੇ ਮੁਕ਼ਾਬਲੇ ਇਹ ਕਰਨਾ ਸਹੀ ਹੈ।

ਸਿਖਲਾਈ ਦੀ ਚੈਕਲਿਸਟ ਜ਼ੁਮੇ ਟੂਲਕਿਟਦਾ ਇਕ ਸੌਖਾ ਸਾਧਨ ਹੈ ਜੋ ਤੁਹਾਡੀ ਜੀਵਨ ਦੇ ਸਬ ਤੋਂ ਮਹਾਨ ਖੇਲ ਵਿੱਚਟਿਕੇਰਹਿਣ ਚ ਮਦਦ ਕਰਦਾ ਹੈ ਓਹ ਹੈ – ਪਰਮੇਸ਼ਰ ਦਾ ਕਾਰਜ।

---

## ਕਿਰਿਆ

**(20 ਮਿੰਟ)**

**ਕੋਚਿੰਗ ਜਾਂਚਸੂਚੀ**

- ਲਾਈਨ 1 ਦੀ ਵਰਤੋਂ ਕਰਦੇ ਹੋਏ ਆਪਣਾ ਆਤਮ-ਮੁਲਾਂਕਣ ਕਰੋ ਕੋਚਿੰਗ ਜਾਂਚਸੂਚੀ ਉੱਤੇ ਅਨੁਸਾਰੀ ਕਾਲਮਾਂ ਤੇ ਨਿਸ਼ਾਨੀ ਲਗਾਉ।

## ਆਤਮ-ਮੁਲਾਂਕਣ

**ਸੁਣਿਆ** - ਕੀ ਮੈਂ ਇਸ ਸਾਧਨ ਜਾਂ ਸਿਧਾਂਤ ਬਾਰੇ ਸੁਣਿਆ ਹੈ?
**ਆਗਿਆ ਪਾਲਨ ਕੀਤਾ** - ਕੀ ਮੈਂ ਇਸ ਸਾਧਨ ਜਾਂ ਸਿਧਾਂਤ ਦਾ ਆਗਿਆ ਪਾਲਨ ਕੀਤਾ ਹੈ? ਜੇਕਰ ਇੱਕ ਸਾਧਨ ਹੈ, ਕੀ ਮੈਂ ਇਸ ਦਾ ਆਪਣੇ ਆਪ ਅਭਿਆਸ ਕੀਤਾ ਹੈ? ਜੇਕਰ ਇੱਕ ਸਿਧਾਂਤ ਹੈ, ਤਾਂ ਕੀ ਤੁਸੀਂ ਚਿੰਤਨ ਕੀਤਾ ਕਿ ਇਸ ਨੇ ਕਿਵੇਂ ਤੁਹਾਡੇ ਦ੍ਰਿਸ਼ਟੀਕੋਣ ਨੂੰ ਬਦਲਿਆ ਹੈ?
**ਵੰਡਿਆ** - ਕੀ ਮੈਂ ਇਸ ਸਾਧਨ ਜਾਂ ਸਿਧਾਂਤ ਨੂੰ ਵੰਡਿਆ ਹੈ? ਜੇਕਰ ਇੱਕ ਸਾਧਨ, ਕੀ ਤੁਸੀਂ ਕਿਸੇ ਨੂੰ ਵਿਖਾਇਆ ਕਿ ਕਿਵੇਂ ਇਸ ਸਾਧਨ ਦੀ ਵਰਤੋਂ ਕਰਨੀ ਹੈ? ਜੇਕਰ ਇੱਕ ਸਿਧਾਂਤ ਹੈ, ਕੀ ਤੁਸੀਂ ਕਿਸੇ ਨਾਲ ਇਸ ਸਿਧਾਂਤ ਨੂੰ ਵੰਡਿਆ ਹੈ?
**ਸਿਖਲਾਈ ਦਿੱਤੀ** - ਕੀ ਮੈਂ ਹੋਰਨਾਂ ਨੂੰ ਇਸ ਸਾਧਨ ਜਾਂ ਸਿਧਾਂਤ ਨੂੰ ਵੰਡਣ ਦੀ ਸਿਖਲਾਈ ਦਿੱਤੀ ਹੈ? ਜੇਕਰ ਇੱਕ ਸਾਧਨ, ਕੀ ਮੈਂ ਕਿਸੇ ਨੂੰ ਹੋਰ ਕਿਸੇ ਨਾਲ ਇਸ ਸਾਧਨ ਨੂੰ ਵੰਡਣ ਦੀ ਸਿਖਲਾਈ ਦਿੱਤੀ ਹੈ? ਜੇਕਰ ਇੱਕ ਸਿਧਾਂਤ, ਕੀ ਮੈਂ ਕਿਸੇ ਨੂੰ ਇਸ ਸਿਧਾਂਤ ਨੂੰ ਕਿਸੇ ਹੋਰ ਨਾਲ ਵੰਡਣਾ ਸਿਖਾਇਆ ਹੈ?

---

## ਵਿਦਿਆਰਥੀ ਵਿਕਾਸ ਪੱਧਰ

**ਅਣਜਾਣ** - ਕੀ ਵਿਦਿਆਰਥੀ ਸਾਧਨ ਬਾਰੇ ਅਣਜਾਣ, ਨਾਵਾਕਫ ਹੈ, ਜਾਂ ਇਸ ਨੂੰ ਗਲਤ ਸਮਝਿਆ ਹੈ?
**ਅਕੁਸ਼ਲ** - ਕੀ ਵਿਦਿਆਰਥੀ ਕੁਝ ਹੱਦ ਤੱਕ ਜਾਣੂ ਹੈ ਪਰ ਅਜੇ ਵੀ ਸਾਧਨ ਬਾਰੇ ਯਕੀਨੀ ਨਹੀਂ ਹੈ?
**ਕਾਬਲ** - ਕੀ ਵਿਦਿਆਰਥੀ ਸਾਧਨ ਨੂੰ ਸਮਝਦਾ ਅਤੇ ਸਾਧਨ ਦੀਆਂ ਬੁਨਿਆਦੀ ਗੱਲਾਂ ਨੂੰ ਸਿਖਾਉਣ ਦੇ ਯੋਗ ਹੈ?
**ਹੁਨਰਮੰਦ** - ਕੀ ਵਿਦਿਆਰਥੀ ਆਤਮਵਿਸ਼ਵਾਸੀ ਮਹਿਸੂਸ ਕਰਦਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਾਧਨ ਨੂੰ ਸਿਖਾਉਣ ਦੇ ਯੋਗ ਹੈ?

---

## ਸਿੱਖਿਅਕ ਦੀ ਭੂਮਿਕਾ

**ਨਮੂਨਾ - (ਨਵੀਂ ਸੂਚਨਾ ਸਿਖਲਾਈ ਦਿਉ ਅਤੇ ਸਮਝ ਯਕੀਨੀ ਬਣਾਉ)** ਨਮੂਨਾ ਦੇਣਾ ਸਾਧਾਰਨ ਇੱਕ ਅਭਿਆਸ ਜਾਂ ਸਾਧਨ ਨਾਲ ਇੱਕ ਉਦਾਹਰਣ ਪ੍ਰਦਾਨ ਕਰਨਾ ਹੈ। ਇਹ ਸਿਖਲਾਈ ਚੱਕਰ ਦਾ ਸੰਖੇਪ ਭਾਗ ਹੈ। ਇਸ ਨੂੰ ਆਮ ਤੌਰ ਤੇ ਸਿਰਫ ਇੱਕ ਵਾਰ ਕੀਤੇ ਜਾਣ ਦੀ ਲੋੜ ਹੁੰਦੀ ਹੈ। ਇਹ ਸਾਧਾਰਨ ਇੱਕ ਜਾਗਰੂਕਤਾ ਉਤਪੰਨ ਕਰਨਾ ਹੈ ਕਿ ਇੱਕ ਅਭਿਆਸ ਜਾਂ ਇੱਕ ਸਾਧਨ ਹੋਂਦ ਵਿੱਚ ਹੈ ਅਤੇ ਇਹ ਕਿਵੇਂ ਦਾ ਹੈ ਉਸ ਦਾ ਇੱਕ ਸਾਧਾਰਨ ਵਿਚਾਰ ਦੇਣਾ ਹੈ। ਵਾਰ-ਵਾਰ ਨਮੂਨਾ ਦੇਣਾ ਕਿਸੇ ਨੂੰ ਤਿਆਰ ਕਰਨ ਦਾ ਇੱਕ ਪ੍ਰਭਾਵੀ ਢੰਗ ਨਹੀਂ ਹੈ।
**ਮਦਦ ਕਰਨਾ - (ਰੁੱਕੋ ਅਤੇ ਉਨ੍ਹਾਂ ਨਾਲ ਰਹੋ ਜਦੋਂ ਤੱਕ ਉਨ੍ਹਾਂ ਨੂੰ ਬੁਨਿਆਦੀ ਗੱਲਾਂ ਨਹੀਂ ਆਉਂਦੀਆਂ)** ਸਹਾਇਤਾ ਕਰਨਾ ਵਿਦਿਆਰਥੀ ਨੂੰ ਹੁਨਰ ਦਾ ਅਭਿਆਸ ਕਰਨ ਦੀ ਇਜਾਜ਼ਤ ਦੇਣਾ ਹੈ। ਇਹ ਨਮੂਨਾ ਪੜਾਅ ਨਾਲੋਂ ਜ਼ਿਆਦਾ ਸਮਾਂ ਲੈਂਦਾ ਹੈ। ਇਸ ਵਿੱਚ ਸਿੱਖਿਅਕ ਵੱਲੋਂ "ਹੱਥ ਫੜੀ ਰੱਖਣ" ਦੀ ਮੰਗ ਕਰਦਾ ਹੈ। ਸਿੱਖਿਅਕ ਨੂੰ ਨਿਰਦੇਸ਼ ਦੇਣ ਦੀ ਲੋੜ ਹੈ ਅਤੇ ਵਿਦਿਆਰਥੀ ਨੂੰ ਕੋਚਿੰਗ ਦੇਣ ਵਿੱਚ ਇੱਕ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੀ ਲੋੜ ਹੈ। ਇਹ ਪੜਾਅ ਤਦ ਤੱਕ ਖਤਮ ਨਹੀਂ ਹੁੰਦਾ ਹੈ ਜਦੋਂ ਤੱਕ ਵਿਦਿਆਰਥੀ ਪੂਰੀ ਤਰ੍ਹਾਂ ਯੋਗ ਨਹੀਂ ਹੋ ਜਾਂਦਾ, ਪਰ ਸਿਰਫ ਤਦ ਤੱਕ ਜਦੋਂ ਤੱਕ ਉਹ ਹੁਨਰ ਦੀਆਂ ਬੁਨਿਆਦੀ ਗੱਲਾਂ ਨੂੰ ਸਮਝ ਨਹੀਂ ਜਾਂਦੇ। ਜੇਕਰ ਇਹ ਪੜਾਅ ਕਾਫੀ ਲੰਮੇ ਸਮੇਂ ਤੱਕ ਚੱਲਦਾ ਹੈ, ਤਦ ਵਿਦਿਆਰਥੀ ਸਿੱਖਿਅਕ ਤੇ ਨਿਰਭਰ ਹੋ ਜਾਵੇਗਾ ਅਤੇ ਪੂਰਨ ਯੋਗਤਾ ਵਿੱਚ ਕਦੇ ਵੀ ਉਨੱਤੀ ਨਹੀਂ ਕਰੇਗਾ ।
**ਨਜ਼ਰ ਰੱਖਣਾ- (ਜਦੋਂ ਤੱਕ ਕੁਸ਼ਲਤਾ ਨਿਰੰਤਰ ਨਹੀਂ ਆਉਂਦੀ ਨਾਲ ਜੁੜੇ ਰਹੋ)** ਨਜ਼ਰ ਰੱਖਣਾ ਲੰਮਾ ਪੜਾਅ ਹੈ। ਇਸ ਦੇ ਵਿੱਚ ਜ਼ਿਆਦਾ ਵਿਦਿਆਰਥੀ ਨਾਲ ਅਪਰਤੱਖ ਸੰਪਰਕ ਸ਼ਾਮਲ ਹੁੰਦਾ ਹੈ। ਇਹ ਇੱਕ ਹੁਨਰ ਦੇ ਸਾਰੇ ਪਹਿਲੂਆਂ ਵਿੱਚ ਪੂਰਨ ਕੁਸ਼ਲਤਾ ਨੂੰ ਵਿਕਸਿਤ ਕਰਨ ਨੂੰ ਭਾਲਦਾ ਹੈ। ਇਹ ਜਿੰਨਾ ਪਹਿਲੇ ਦੋ ਪੜਾਅ ਵਿੱਚ ਸਮਾਂ ਲੱਗਾ ਉਸ ਤੋਂ ਦਸ ਗੁਣਾਂ ਜਾਂ ਜ਼ਿਆਦਾ ਵੀ ਸਮਾਂ ਹੋ ਸਕਦਾ ਹੈ। ਜਿਵੇਂ-ਜਿਵੇਂ ਵਿਦਿਆਰਥੀ ਹੁਨਰ ਵਿੱਚ ਉਨੱਤੀ ਕਰਦਾ ਹੈ, ਸਿੱਖਿਅਕ ਨਾਲ ਸੰਪਰਕ ਘੱਟਦਾ ਜਾਂਦਾ ਅਤੇ ਜ਼ਰੂਰੀ ਹੋਣ ਤੇ ਹੁੰਦਾ ਹੈ।
**ਛੱਡਣਾ - (ਸਹਿਯੋਗੀ ਕੰਮ ਕਰਨ ਵਾਲੇ ਉਨ੍ਹਾਂ ਨਾਲ ਸੰਬੰਧਤ ਹੋਵੋ)** ਛੱਡਣਾ ਇੱਕ ਕਿਸਮ ਦੀ ਗ੍ਰੇਜੂਏਸ਼ਨ ਹੈ ਜਦੋਂ ਵਿਦਿਆਰਥੀ ਸਿੱਖਿਅਕ ਦਾ ਹਾਣੀ ਬਣ ਜਾਂਦਾ ਹੈ। ਸਮੇਂ-ਸਮੇਂ ਤੇ ਸੰਪਰਕ ਅਤੇ ਕੁਲੀਨ ਸਿੱਖਿਆ ਦੇਣੀ ਨਿਰੰਤਰ ਹੋ ਸਕਦੀ ਹੈ ਜੇਕਰ ਵਿਦਿਆਰਥੀ ਅਤੇ ਸਿੱਖਿਅਕ ਇੱਕ ਹੀ ਨੈਟਵਰਕ ਵਿੱਚ ਹਨ। ਜਦੋਂ ਇੱਕ ਮਾਂ-ਬਾਪ ਇੱਕ ਬੱਚੇ ਨੂੰ ਪੂਰੀ ਤਰ੍ਹਾਂ ਬਿਨਾਂ ਨਿਗਰਾਨੀ ਦੇ ਉਸ ਦੀ ਸਾਈਕਲ ਚਲਾਉਣ ਲਈ ਛੱਡ ਦਿੰਦਾ ਹੈ, ਉਹ ਛੱਡਣਾ ਪੜਾਅ ਹੈ।

# ਕੋਚਿੰਗ ਜਾਂਚਸੂਚੀ

| | | | | | |
|---|---|---|---|---|---|
| *ਆਤਮ-ਮੁਲਾਂਕਣ ...* | 1 | **ਸੁਣਿਆ** | **ਆਗਿਆ ਪਾਲਨ ਕੀਤਾ** | **ਵੰਡਿਆ** | **ਸਿਖਲਾਈ ਦਿੱਤੀ** |
| *ਵਿਦਿਆਰਥੀ ਵਿਕਾਸ ਪੱਧਰ ...* | 2 | ਅਣਜਾਣ | ਅਕੁਸ਼ਲ | ਕਾਬਲ | ਹੁਨਰਮੰਦ |
| *ਸਿੱਖਿਅਕ ਦੀ ਭੂਮਿਕਾ ...* | 3 | **ਨਮੂਨਾ** ਨਵੀਂ ਸੂਚਨਾ ਸਿਖਲਾਈ ਦਿਉ ਅਤੇ ਸਮਝ ਯਕੀਨੀ ਬਣਾਉ | **ਮਦਦ ਕਰਨਾ** ਰੁੱਕੋ ਅਤੇ ਉਨ੍ਹਾਂ ਨਾਲ ਰਹੋ ਜਦੋਂ ਤੱਕ ਉਨ੍ਹਾਂ ਨੂੰ ਬੁਨਿਆਦੀ ਗੱਲਾਂ ਨਹੀਂ ਆਉਂਦੀਆਂ | **ਨਜ਼ਰ ਰੱਖਣਾ** ਜਦੋਂ ਤੱਕ ਕੁਸ਼ਲਤਾ ਨਿਰੰਤਰ ਨਹੀਂ ਆਉਂਦੀ ਨਾਲ ਜੁੜੇ ਰਹੋ | **ਛੱਡਣਾ** ਸਹਿਯੋਗੀ ਕੰਮ ਕਰਨ ਵਾਲੇ ਉਨ੍ਹਾਂ ਨਾਲ ਸੰਬੰਧਤ ਹੋਵੋ |
| *ਸਿੱਖਿਅਕ ਦਾ ਵਿਵਹਾਰ ...* | 4 | ਨਿਰਦੇਸ਼ ਦਿਉ ਅਤੇ ਸੂਚਿਤ ਕਰੋ | ਨਿਰਦੇਸ਼ ਦਿਉ ਅਤੇ ਸਮਰਥਣ ਕਰੋ | ਸਮਰਥਣ ਅਤੇ ਉਤਸ਼ਾਹਿਤ ਕਰੋ | ਅਪਡੇਟ ਗ੍ਰਹਿਣ ਕਰੋ |
| *ਜ਼ਿੰਮੇਵਾਰੀਆਂ ਦੀਆਂ ਯੋਜਨਾ ਬਣਾਉਣਾ ...* | 5 | ਸਿੱਖਿਅਕ ਫੈਸਲਾ ਕਰਦਾ ਹੈ | ਚਰਚਾ ਕਰੋ ਅਤੇ ਸਿੱਖਿਅਕ ਫੈਸਲਾ ਕਰਦਾ ਹੈ | ਚਰਚਾ ਕਰੋ ਅਤੇ ਵਿਦਿਆਰਥੀ ਫੈਸਲਾ ਕਰਦਾ ਹੈ | ਵਿਦਿਆਰਥੀ ਫੈਸਲਾ ਕਰਦਾ ਹੈ |

## ਸਿਖਲਾਈ ਸਾਧਨ/ਸਿਧਾਂਤ

| | | | | | |
|---|---|---|---|---|---|
| ਪਰਮੇਸ਼ੁਰ ਆਮ ਲੋਕਾਂ ਨੂੰ ਇਸਤੇਮਾਲ ਕਰਦਾ ਹੈ | | | | | |
| ਚੇਲੇ ਅਤੇ ਚਰਚ ਦੀ ਇੱਕ ਸਾਧਾਰਨ ਪਰਿਭਾਸ਼ਾ | | | | | |
| ਆਤਮਿਕ ਸਾਹ ਲੈਣਾ ਪਰਮੇਸ਼ੁਰ ਦੀ ਸੁਣਨਾ ਅਤੇ ਆਗਿਆ ਪਾਲਨ ਕਰਨਾ ਹੈ | | | | | |
| S.O.A.P.S. ਬਾਈਬਲ ਅਧਿਐਨ | | | | | |
| ਜਵਾਬਦੇਹੀ ਸਮੂਹ | | | | | |
| ਉਪਭੋਗਤਾ ਬਨਾਮ ਉਤਪਾਦਕ ਜੀਵਨਸ਼ੈਲੀ | | | | | |

| | | | | | |
|---|---|---|---|---|---|
| ਕਿਵੇਂ ਪ੍ਰਾਰਥਨਾ ਵਿੱਚ ਇੱਕ ਘੰਟਾ ਖਰਚ ਕਰਨਾ ਹੈ | | | | | |
| ਸੰਬੰਧਾਤਮਕ ਭੰਡਾਰੀਪਣ – 100 ਦੀ ਸੂਚੀ | | | | | |
| ਆਤਮਿਕ ਅਰਥਪ੍ਰਬੰਧ | | | | | |
| ਖੁਸ਼ਖਬਰੀ ਅਤੇ ਕਿਵੇਂ ਇਸ ਨੂੰ ਵੰਡਣਾ ਹੈ | | | | | |
| ਬਪਤਿਸਮਾ ਅਤੇ ਕਿਵੇਂ ਇਸ ਨੂੰ ਕਰਨਾ ਹੈ | | | | | |
| ਆਪਣੀ 3 ਮਿੰਟ ਦੀ ਗਵਾਹੀ ਦੀ ਤਿਆਰੀ ਕਰੋ | | | | | |
| ਦਰਸ਼ਣ ਭਰਨਾ ਅਤੇ ਮਹਾਨ ਬਰਕਤ | | | | | |
| ਬਤਖਾਂ ਦੇ ਨਮੂਨੇ ਵਿੱਚ ਚੇਲਾਪਣ – ਤੁਰੰਤ ਅਗਵਾਈ ਕਰਨਾ | | | | | |
| ਜਿੱਥੇ ਰਾਜ ਨਹੀਂ ਹੈ ਨੂੰ ਵੇਖਣ ਲਈ ਅੱਖਾਂ | | | | | |
| ਪ੍ਰਭੂਭੋਜ ਅਤੇ ਕਿਵੇਂ ਇਸ ਵਿੱਚ ਅਗਵਾਈ ਕਰਨੀ ਹੈ | | | | | |
| ਪ੍ਰਾਰਥਨਾ ਯਾਤਰਾ ਅਤੇ ਕਿਵੇਂ ਇਸ ਨੂੰ ਕਰਨਾ ਹੈ | | | | | |

## ਚਰਚਾ ਕਰੋ

**(10 ਮਿੰਟ)**

- ਕਿਹੜੇ ਸਾਧਨ ਅਤੇ ਸਿਧਾਂਤ ਤੁਸੀਂ ਮਹਿਸੂਸ ਕਰਦੇ ਕਿ ਤੁਸੀਂ ਚੰਗੀ ਤਰ੍ਹਾਂ ਸਿਖਾ ਸਕੋਗੇ?
- ਕਿਹੜੇ ਸਾਧਨ ਅਤੇ ਸਿਧਾਂਤ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਿਖਾਉਣ ਵਿੱਚ ਸੰਘਰਸ਼ ਕਰੋਗੇ?
- ਕੀ ਇੱਥੇ ਕੁਝ ਸਾਧਨ ਜਾਂ ਸਿਧਾਂਤ ਹਨ ਜਿਹੜੇ ਤੁਸੀਂ ਜਾਂਚਸੂਚੀ ਵਿੱਚ ਜੋੜੋਗੇ ਜਾਂ ਘਟਾਓਗੇ? ਕਿਉਂ?

**ਯਾਦ ਰੱਖੋ – ਆਪਣੇ ਕੋਚਿੰਗ ਜਾਂਚਸੂਚੀ ਨਤੀਜਿਆਂ ਨੂੰ ਇੱਕ ਸਿੱਖਿਅਕ ਭਾਈਵਾਲ ਜਾਂ ਦੂਜੇ ਸਿੱਖਿਅਕ ਨਾਲ ਸਾਂਝਾ ਕਰਨਾ ਯਕੀਨੀ ਬਣਾਓ।**

ਜੇਕਰ ਤੁਹਾਡੇ ਕੋਲ ਇੱਕ ਕੋਚ ਜਾਂ ਸਿੱਖਿਅਕ ਨਹੀਂ ਹੈ,QR ਕੋਡ ਨੂੰ ਸਕੈਨ ਕਰੋ ਅਤੇ ਉਸ ਵਾਸਤੇ ਹੁਣ ਬੇਨਤੀ ਕਰੋ।

---

**ਚਾਰ ਖੇਤਰੀ ਅਤੇ ਕੁਲਪੱਤਰੀ ਨਕਸ਼ਾ ਸਾਧਨ ਹਨ ਜਿਹੜੇ ਵਧਦੇ ਅਤੇ ਅੰਦਲੋਨ ਕੋਸ਼ਿਸ਼ਾਂ ਦੀ ਸੇਵਾ ਕਰਨ ਲਈ ਤਿਆਰ ਕੀਤੇ ਗਏ ਹਨ।**

ਯਾਦ ਰੱਖੋ – ਜ਼ੁਮੇ ਕੋਚ ਤੁਹਾਡੇ ਸਥਾਨਕ ਖੇਤਰ ਵਿੱਚ ਇਨ੍ਹਾਂ ਸਾਧਨਾਂ ਨੂੰ ਲਾਗੂ ਕਰਨ ਵਿੱਚ ਤੁਹਾਡੀ ਸਹਾਇਤਾ ਲਈ ਉਪਲਬਧ ਹਨ।

---

**ਚਾਰ ਖੇਤਰੀ**

ਯਿਸੂ ਅਕਸਰ ਚੇਲਿਆਂ ਨੂੰ ਇਹ ਨਿਰੀਖਣ ਕਰਨ ਲਈ ਕਿ ਕੰਮ ਕਿਵੇਂ ਚੱਲ ਰਿਹਾ ਹੈ ਸ਼ਾਂਤ ਸਥਾਨਾਂ ਵਿੱਚ ਸੇਵਕਾਈ ਲਈ ਲੈ ਕੇ ਜਾਂਦਾ ਸੀ।

ਚਾਰ ਖੇਤਰ ਇੱਕ ਅਗਵਾਈ ਸੈੱਲ ਦੀਆਂ ਵਰਤਮਾਨ ਕੋਸ਼ਿਸ਼ਾਂ ਅਤੇ ਉਨ੍ਹਾਂ ਦੇ ਆਲੇ ਦੁਆਲੇ ਰਾਜ ਉੱਤੇ ਚਿੰਤਨ ਕਰਨ ਲਈ ਵਰਤੇ ਜਾਂਦੇ ਹਨ। ਇਹ ਖਾਸ ਕਰਕੇ ਆਗੂਆਂ ਦੀ ਕੋਸ਼ਿਸ਼ਾਂ ਨੂੰ ਸੰਤੁਲਨ ਕਰਨ ਵਿੱਚ ਸਹਾਇਤਾ ਕਰਦਾ ਹੈ, ਤਾਂ ਜੋ ਕੋਈ ਵੀ ਖੇਤਰ ਨਜ਼ਰਅੰਦਾਜ ਨਾ ਹੋਵੇ।

ਅਗਲੀਆਂ ਦੋ ਸਲਾਈਡ ਦਾ ਨਿਰੀਖਣ ਕਰ: ਖੇਤਰ ਦਾ ਵਰਣਨ ਅਤੇ ਚਾਰ ਖੇਤਰੀ ਉਦਾਹਰਣ

---


**ਖੇਤਰ ਦਾ ਵਰਣਨ**

- ਖਾਲੀ ਖੇਤਰ: ਕਿੱਥੇ ਜਾਂ ਕਿਸ ਨਾਲ {ਕਿਹੜੇ ਲੋਕ ਸਮੂਹ} ਤੁਸੀਂ ਰਾਜ ਨੂੰ ਵਧਾਉਣ ਦੀ ਯੋਜਨਾ ਬਣਾ ਰਹੇ ਹੋ?
- ਬੀਜਣ ਦਾ ਖੇਤਰ: ਕਿੱਥੇ ਜਾਂ ਕਿਸ ਨਾਲ ਤੁਸੀਂ ਰਾਜ ਦੀ ਖੁਸ਼ਖਬਰੀ ਨੂੰ ਵੰਡ ਰਹੇ ਹੋ? ਤੁਸੀਂ ਉਹ ਕਿਵੇਂ ਕਰ ਰਹੇ ਹੋ?
- ਵਧਦਾ ਖੇਤਰ: ਕਿਵੇਂ ਤੁਸੀਂ ਲੋਕਾਂ ਨੂੰ ਆਤਮਿਕ, ਵਿਅਕਤੀਗਤ ਤੌਰ ਤੇ ਅਤੇ ਉਨ੍ਹਾਂ ਦੇ ਸੁਭਾਵਕ ਨੈਟਵਰਕ ਵਿੱਚ ਲੋਕਾਂ ਨੂੰ ਤਿਆਰ ਕਰ ਰਹੇ ਅਤੇ ਵਧਾ ਰਹੇ ਹੋ?
- ਫਸਲ ਦਾ ਖੇਤਰ: ਕਿਵੇਂ ਨਵੇਂ ਆਤਮਿਕ ਪਰਿਵਾਰ {ਸਧਾਰਨ ਕਲੀਸਿਯਾ} ਆਕਾਰ ਲੈ ਰਹੇ ਹਨ?

- ਗੁਣਾਤਮਕ ਵਾਧਾ ਖੇਤਰ: ਤੁਸੀਂ ਕਿਸ ਨਾਲ, ਕਿਵੇਂ ਅਤੇ ਕਦੋਂ ਵਫ਼ਾਦਾਰ ਲੋਕਾਂ ਨੂੰ ਅੱਡ ਕਰ ਰਹੇ ਅਤੇ ਉਨ੍ਹਾਂ ਨੂੰ ਤਿਆਰ ਕਰ ਰਹੇ ਅਤੇ ਪੁਨਰ ਉਤਪਾਦਨ ਲਈ ਉਨ੍ਹਾਂ ਨੂੰ ਜਵਾਬਦੇਹ ਠਹਿਰਾ ਰਹੇ ਹੋ?

---

**ਚਾਰ ਖੇਤਰੀ ਉਦਾਹਰਣ**




ਕਿਰਿਆ ਸ੍ਰੋਤ

---

**ਚਰਚਾ**

**(10 ਮਿੰਟ)**

- ਤੁਹਾਡੇ ਆਲੇ-ਦੁਆਲੇ ਇੱਕ ਖਾਲੀ ਖੇਤਰ ਨੂੰ ਪਛਾਣੋ। ਕਿਹੜਾ ਭਾਈਚਾਰਾ ਜਾਂ ਲੋਕ ਸਮੂਹ ਜਿੰਨਾ ਨਾਲ ਤੁਸੀਂ ਜੁੜੇ ਹੋ ਕੋਲ ਕੋਈ ਖੁਸ਼ਖਬਰੀ ਦੀ ਕਿਰਿਆ ਨਹੀਂ ਹੈ?
- ਕਿਵੇਂ ਲੰਮੇ ਸਮੇਂ ਦਾ ਵਾਧਾ ਪ੍ਰਭਾਵਿਤ ਹੁੰਦਾ ਹੈ ਜੇਕਰ ਇੱਕ ਖੇਤਰ ਨਜ਼ਰਅੰਦਾਜ ਕੀਤਾ ਜਾਂਦਾ ਹੈ? ਉਦਾਹਰਣ ਦਿਉ।
- ਕਿਹੜਾ ਜ਼ੁਮੇ ਸਾਧਨ ਕਿਹੜੇ ਖੇਤਰ ਵਿੱਚ ਸਹਾਇਤਾ ਕਰ ਸਕਦਾ ਹੈ?

---

**ਕੁਲਪੱਤਰੀ ਨਕਸ਼ਾ**

ਕੁਲਪੱਤਰੀ ਨਕਸ਼ਾ (ਪੀੜ੍ਹੀਆਂ ਦਾ ਨਕਸ਼ਾ ਜਾਂ ਕੁਲਪੱਤਰੀ ਨਕਸ਼ਾ) ਆਗੂਆਂ ਨੂੰ ਉਨ੍ਹਾਂ ਦੇ ਆਲੇ-ਦੁਆਲੇ ਇੱਕ ਅੰਦੋਲਨ ਵਿੱਚ ਵਾਧੇ ਨੂੰ ਸਮਝਣ ਲਈ ਇੱਕ ਹੋਰ ਸਧਾਰਨ ਸਾਧਨ ਹੈ।


ਇੱਕ ਕੁਲਪੱਤਰੀ ਰੁੱਖ ਇੱਕ ਕਾਗਜ ਦੇ ਟੁੱਕੜੇ 'ਤੇ ਰੇਖਾਚਿੱਤਰ ਵਜੋਂ ਜਾਂ ਕਈ ਕਾਗਜ ਦੇ ਟੁੱਕੜਿਆਂ ਤੇ ਬਣਾਇਆ ਜਾ ਸਕਦਾ ਹੈ। ਇਹ ਨਕਸ਼ਾ ਇਹ ਵਿਖਾਉਣ ਵਿੱਚ ਸਹਾਇਤਾ ਕਰਦਾ ਕਿ ਕਿੱਥੇ ਗੁਣਾਤਮਕ ਵਾਧੇ ਵਿੱਚ ਰੁਕਾਵਟਾਂ ਹਨ ਅਤੇ ਸਿਖਲਾਈ ਦੀ ਲੋੜ ਹੋ ਸਕਦੀ ਹੈ। ਅੰਦਲੋਨ ਦੀ ਸਿਹਤ ਆਗੂਆਂ ਲਈ ਇੱਕ ਪਰਮੁੱਖ ਚਿੰਤਾ ਹੈ ਅਤੇ ਵਫ਼ਾਦਾਰੀ ਸਿਹਤ ਨੂੰ ਮਾਪਣ ਲਈ ਇੱਕ ਪਰਮੁੱਖ ਢੰਗ ਹੈ।

ਅਗਲੀ ਸਲਾਈਡ ਉੱਤੇ ਉਦਾਹਰਣ ਨੂੰ ਵੇਖੋ।

---

### ਕੁਲਪੱਤਰੀ ਨਕਸ਼ਾ ਉਦਾਹਰਣ

**ਕੁਲਪੱਤਰੀ ਨਕਸ਼ਾ ਉੱਤੇ ਸਾਧਾਰਨ ਕਲੀਸਿਯਾ ਪੇਸ਼ਕਸ਼ ਪ੍ਰਾਰੂਪ**




ਕਿਰਿਆ ਸ੍ਰੋਤ

---

## ਚਰਚਾ

**(10 ਮਿੰਟ)**

ਹੇਠਾਂ ਦਿੱਤੇ ਉੱਤੇ ਚਰਚਾ ਕਰਨ ਲਈ ਕੁਲਪੱਤਰੀ ਨਕਸ਼ਾ ਉਦਾਹਰਣ ਨੂੰ ਵਰਤੋ:

- ਕਿਹੜੇ ਆਗੂ ਗੁਣਾਤਮਕ ਵਾਧਾ ਵੇਖ ਰਹੇ ਹਨ?
- ਕਿਹੜੇ ਸਮੂਹਾਂ ਤੋਂ ਤੁਸੀਂ ਅੱਗੇ ਗੁਣਾਤਮਕ ਵਾਧੇ ਦੀ ਉਮੀਦ ਕਰੋਗੇ?
- ਕਿਹੜੇ ਆਗੂ ਹੋਰਨਾਂ ਆਗੂਆਂ ਦੀ ਮਦਦ ਕਰ ਸਕਦੇ ਅਤੇ ਮਜ਼ਬੂਤ ਬਣਾ ਸਕਦੇ ਹਨ?
- ਕੀ ਤੁਸੀਂ ਕਿਸੇ ਵੀ ਪੀੜ੍ਹੀ ਵਿੱਚ ਕਮਜ਼ੋਰ ਜਵਾਬਦੇਹੀ ਨੂੰ ਵੇਖਦੇ ਹੋ?

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ ਸੁਣੇ ਗਏ ਸਿਧਾਂਤ:**

- ਗੈਰ-ਕ੍ਰਮਅਨੁਸਾਰ ਵਾਧਾ
- ਗੁਣਾਤਮਕ ਵਾਧੇ ਦੀ ਗਤੀ ਮਾਈਨੇ ਰੱਖਦੀ ਹੈ
- ਸਦਾ ਦੋ ਕਲੀਸਿਯਾਵਾਂ ਦਾ ਭਾਗ

**ਇਸ ਸੈਸ਼ਨ ਵਿੱਚ ਸੁਣੇ ਗਏ ਸਾਧਨ:**

- ਕੋਚਿੰਗ ਜਾਂਚਸੂਚੀ
- ਚਾਰ ਖੇਤਰੀ
- ਕੁਲਪੱਤਰੀ ਨਕਸ਼ਾ

---

**ਅਗਲਾ ਕਦਮ**

## ਆਗਿਆ ਪਾਲਨ ਕਰੋ

ਇੱਕ ਦੋਸਤ ਨਾਲ "ਗਤੀ" ਦੇ ਸਿਧਾਂਤ ਨੂੰ ਵੰਡਣ ਦਾ ਅਭਿਆਸ ਕਰੋ ਅਤੇ ਇਸ ਨੂੰ ਤੁਹਾਡੇ ਦਿਲ ਅਤੇ ਜਾਨ ਵਿੱਚ ਡੂੰਘਾ ਬੀਜਣ ਵਾਸਤੇ ਪ੍ਰਭੂ ਅੱਗੇ ਪ੍ਰਾਰਥਨਾ ਕਰੋ। ਪ੍ਰਭੂ ਨੂੰ ਪੁੱਛੋ ਕਿ ਉਹ ਕਿਸ ਨਾਲ ਚਾਹੁੰਦਾ ਹੈ ਕਿ ਇਹ ਵੰਡਿਆਂ ਜਾਵੇ।

## ਵੰਡੋ

ਜੇਕਰ ਤੁਸੀਂ ਪਹਿਲਾਂ ਹੀ ਤੁਹਾਡੇ ਆਪਣੇ ਸਧਾਰਨ ਚਰਚ ਨੂੰ ਅਰੰਭ ਕੀਤਾ ਹੈ, ਇਸ ਵਿੱਚ ਲੋਕਾਂ ਨਾਲ "ਸਦਾ ਇੱਕ ਦੋ ਕਲੀਸਿਯਾ ਦਾ ਹਿੱਸਾ" ਸਿਧਾਂਤ ਨੂੰ ਵੰਡੋ। ਜੇਕਰ ਨਹੀਂ, ਕੋਈ ਹੋਰ ਵਿਸ਼ਵਾਸੀ ਜਿਸ ਨੂੰ ਤੁਸੀਂ ਜਾਣਦੇ ਹੋ ਉਸ ਨਾਲ ਇਸ ਨੂੰ ਵੰਡੋ।

---

**ਉਤਸ਼ਾਹਿਤ ਹੋਵੋ...**

ਹੋ ਸਕਦਾ ਤੁਸੀਂ ਇਸ ਨੂੰ ਨਾ ਜਾਣੋ, ਪਰ ਸਧਾਰਨ ਕਲੀਸਿਯਾਵਾਂ ਅਰੰਭ ਕਰਨ ਅਤੇ ਚੇਲੇ ਬਣਾਉਣ ਵਿੱਚ ਜੋ ਸੰਸਾਰ ਵਿੱਚ ਬਹੁਤ ਸਾਰੇ ਪਾਸਬਾਨਾਂ ਅਤੇ ਮਿਸ਼ਨਰੀ ਨਾਲੋਂ ਜ਼ਿਆਦਾ ਗੁਣਾਤਮਕ ਵਾਧਾ ਕਰਦੇ ਹਨ ਤੁਹਾਡੇ ਕੋਲ ਜ਼ਿਆਦਾ ਵਿਵਹਾਰਿਕ ਸਿਖਲਾਈ ਹੈ!

ਫਿਰ ਵੀ ਜ਼ੁਮੇ ਸਿਖਲਾਈ ਸਿਰਫ ਅਰੰਭ ਹੈ! ਇਸ ਸੈਸ਼ਨ ਵਿੱਚ, ਅਸੀਂ ਇਹ ਯੋਜਨਾ ਬਣਾਵਾਂਗੇ ਕਿ ਸਿਖਲਾਈ ਤੋਂ ਬਾਅਦ ਕੀ ਹੁੰਦਾ ਹੈ ਅਤੇ ਸੰਖੇਪ ਵਿੱਚ ਉਨ੍ਹਾਂ ਸਾਧਨਾਂ ਨੂੰ ਦੱਸਾਂਗੇ ਜਿਹੜੇ ਤੁਹਾਨੂੰ ਤੁਹਾਡੀ ਯਾਤਰਾ ਵਿੱਚ ਬਾਅਦ ਵਿੱਚ ਚਾਹੀਦੇ ਹੋਣਗੇ ਜਦੋਂ ਤੁਸੀਂ ਜੋ ਸਿੱਖਿਆ ਉਸ ਨੂੰ ਲਾਗੂ ਕਰਦੇ ਹੋ।

---

## ਨਿਰੀਖਣ

**(1 ਮਿੰਟ)**

**ਇਸ ਸੈਸ਼ਨ ਵਿੱਚ, ਅਸੀਂ ਇਸ ਸਿਧਾਂਤ ਨੂੰ ਸੁਣਾਂਗੇ ਅਤੇ ਚਰਚਾ ਕਰਾਂਗੇ:**

- ਨੈਟਵਰਕ ਵਿੱਚ ਅਗਵਾਈ

**ਅਤੇ ਅਸੀਂ ਸਾਡੀ ਟੂਲਕਿੱਟ ਵਿੱਚ ਇਨ੍ਹਾਂ ਸਾਧਨਾਂ ਨੂੰ ਸ਼ਾਮਲ ਕਰਾਂਗੇ:**

- ਕੁਲੀਨ ਸਿਖਲਾਈ ਸਮੂਹ

- ਤਿੰਨ-ਮਹੀਨਾ ਯੋਜਨਾ

## ਪੜ੍ਹੋ

**(5 ਮਿੰਟ)**

**ਨੈਟਵਰਕ ਵਿੱਚ ਅਗਵਾਈ**

ਇਸ ਸੇਸ਼ਨ ਵਿੱਚ ਅਸੀਂਸਿਖਾਂਗੇ ਕਿ ਨੈਟਵਰਕ ਵਿੱਚ ਲੀਡਰਸ਼ਿਪ – ਛੋਟੇ ਚਰਚ ਦੇ ਵਧਦੇ ਸਮੂਹ ਨੂੰ ਇਕਠੇ ਕੰਮ। ਕਰਨ, ਨਵੇਂ ਲੀਡਰਸ ਤਿਆਰ ਕਰਨ ਤੇ ਵਧੀਆ ਚੀਜ਼ਾਂ ਪਰਾਪਤਕਰਨ ਵਿੱਚ ਕਿਵੇਂ ਮਦਦ ਕਰਦਾ ਹੈ ਜਿਸਦੀ ਯੋਜਨਾ ਪਰਮੇਸ਼ਰ ਨੇ ਆਪਣੇ ਲੋਕਾਂ ਦੇ ਲਈ ਕੀਤੀ ਹੈ।

ਚਰਚ ਦੇ ਨਾਲ ਕੀ ਹੁੰਦਾ ਹੈ, ਜਦ ਓਹ ਵਧਦੇ ਹਨ ਅਤੇ ਨਵੇਂ ਚਰਚ ਦੀ ਸ਼ੁਰੁਆਤ ਕਰਦੇ ਹਨ ਜੋ ਹੋਰ ਨਵੇਂ ਚਰਚ ਦੀ ਸ਼ੁਰੁਆਤ ਕਰਦੇ ਹਨ ? ਅਤੇ ਇਕ ਵੱਡੇ ਆਤਮਕ ਪਰਵਾਰ ਦੇ ਰੂਪ ਵਿੱਚ ਕਿਵੇਂ ਜੀਂਦੇ ਹਨ?

ਇਸਦਾ ਜਵਾਬ ਹੈ ਇਹ ਸਾਰੇ ਸਧਾਰਣ ਚਰਚ ਸ਼ਰੀਰ ਵਿੱਚ ਕੋਸ਼ਿਕਾਵਾਂ ਦੀ ਤਰਾਂ ਵਧਦੇ ਹਨ ਤੇ ਇਕ ਨਾਲਜੁੜਦੇ ਹਨ ਅਤੇ ਸ਼ਹਿਰ ਤੇ ਖੇਤਰੀ ਚਰਚ ਵਿੱਚ ਨੈਟਵਰਕਬਣਾਦੇਹਨ।

ਚਰਚ ਇਕ ਦੂਜੇ ਨਾਲ ਜੁੜੇ ਹੁੰਦੇ ਹਨ। ਓਨਾਂ ਦੇ ਕੋਲ ਇਕੋ ਜਿਹਾ ਆਤਮਕ DNA ਹੁੰਦਾ ਹੈ। ਇਹ ਸਬ ਵਧਣ ਵਾਲੇ ਪਹਿਲੇ ਪਰਵਾਰ ਨਾਲ ਜੁੜੇ ਹੁੰਦੇ ਹਨ। ਤੇਹੁਣ – ਥੋੜੇ ਮਾਰਗਦਰਸ਼ਨ ਨਾਲ – ਹੋਰ ਵੱਧ ਕੰਮ ਕਰਨ ਦੇ ਲਈ ਓਹ ਇਕ ਵੱਡੇ ਰੂਪ ਵਿੱਚ ਨਾਲ ਆਉਂਦੇ ਹਨ। ਪਰਮੇਸ਼ਰ ਦਾ ਵਚਨ ਦਸਦਾ ਹੈ ਕਿ, ਸ਼ਹਿਰ ਅਤੇ ਖੇਤਰੀ ਸੱਤਰ ਤੇ ਵਿਸ਼ਵਾਸਿਆਂ ਦੀ ਵਧਦੀ ਦੇਹ ਦੀ ਸੇਵਾ ਲੀਡਰਸ ਦਾ ਨਵਾਂ ਸਮੂਹ ਕਰਦਾ ਹੈ।

ਨਵੇਂ ਨੇਮ ਵਿੱਚ, ਚਰਚ ਇੰਨਾਂ ਸੇਵਕਾਂ ਨੂੰ ਬੁਜ਼ੁਰਗ ਅਤੇ ਯਾਜਕ, ਗੱਡਰੀਏ ਤੇ ਭੇਡਾਂ ਦੇ ਰਖਵਾਲੇ ਕਹਿੰਦੇ ਹਨ। ਪਰਮੇਸ਼ਰ ਦੇ ਵਚਨ ਵਿੱਚ ਅਸੀਂ ਸਿਖਦੇ ਹਾਂ ਕਿ ਯਰੁਸ਼ਲਮ ਸ਼ਹਿਰ ਵਿੱਚ ਬਹੁਤ ਸਾਰੇ ਛੋਟੇਘਰੇਲੂਚਰਚ ਦੀ ਸੇਵਕਾਈ 7 ਸੇਵਕਾਂ ਦਾ ਸਮੂਹ ਜਾਂ ਉਪਜਾਜਕ ਕਰਦੇ ਸੀ।

ਪਰਮੇਸ਼ਰ ਦੇ ਵਚਨ ਵਿੱਚ ਅਸੀਂ ਸਿਖਦੇ ਹਾਂ ਕਿ ਇਫਿਸੁਸ ਸ਼ਹਿਰ ਵਿੱਚ ਬਹੁਤ ਸਾਰੇ ਘਰੇਲੂ ਚਰਚ ਦੀ ਸੇਵਕਾਈ ਬੁਜ਼ੁਰਗ ਚਰਵਾਹਿਆਂ / ਪਾਲੀਆਂ ਦੇ ਛੋਟੇ ਸਮੂਹ ਵਲੋਂ ਕੀਤੀ ਜਾਂਦੀ ਸੀ, ਜਿਨਾਂ ਨੂੰ ਚੰਗੇ ਚਰਵਾਹੇ ਯਿਸੂ ਦੇ ਉਧਾਰਣ ਤੇ ਚਲਨਾ ਸੀ ਤੇ ਭੇਡਾਂ ਦੇ ਲਈ ਆਪਣੀ ਜਾਨ ਦੇਣੀ ਸੀ।

ਸ਼ਹਿਰ ਜਾਂ ਖੇਤਰ ਵਿੱਚ ਅਸੀਂ ਲੀਡਰਸ਼ਿਪ ਦੇ ਪੰਜ ਵਰਦਾਨਾਂ ਨੂੰ ਵੇਖਦੇ ਹਾਂ। ਪਰਮੇਸ਼ਰ ਦਾ ਵਚਨ ਕਹਿੰਦਾ ਹੈ – ਯਿਸੂ ਨੇ ਰਸੂਲਾਂ, ਜੋਤਸ਼ੀਆਂ, ਇੰਜੀਲ ਪਰਚਾਰਕਾਂ, ਪਾਸਵਾਨਾਂ ਅਤੇ ਸਿਖਿਅਕਾਂ ਨੂੰ ਆਤਮਕ ਵਰਦਾਨ ਦਿੱਤੇ ਤਾਂ ਜੋ ਸੇਵਾ ਦੇ ਲਈ ਲੋਕਾਂ ਨੂੰ ਤਿਆਰ ਕਰਨ ਅਤੇ ਮਸੀਹ ਦੀ ਦੇਹ ਵਧੇ-ਫੁੱਲੇ।

ਇਹ ਆਤਮਕ ਵਰਦਾਨ ਇਸ ਲਈ ਨਹੀ ਦਿੱਤੇ ਗਏ ਕਿ ਛੋਟਾ ਸਮੂਹ ਚਰਚ ਦਾ ਸਾਰਾ ਕੰਮ ਕਰੇ ਸਗੋਂ ਇਸਲਈ ਕਿ ਓਹ ਸੇਵਾ ਕਰਨ ਅਤੇ ਯਿਸੂ ਦੇ ਚੇਲਿਆਂ ਨੂੰ ਕੰਮ ਦੇ ਲਈ ਤਿਆਰ ਕਰਨ – ਤਾਂ ਜੋ ਵਿਸ਼ਵਾਸਿਆਂ ਦੀ ਸਮ੍ਪੂਰਣਦੇਹ ਰੱਲ ਕੇ ਪਰਮੇਸ਼ਰ ਦੀ ਸਾਰੀਆਂ ਇਛਾਵਾਂ ਨੂੰ ਪੂਰਾ ਕਰੇ।

ਆਪਣੇ ਆਤਮਕ ਪਰਵਾਰ ਜਾਂ ਇੰਨਾਂ ਥਾਵਾਂ ਦੇ ਅਲਾਵਾ ਇਹ ਲੀਡਰਸ ਘਰ ਵਿੱਚ ਕਿਸੇ ਸਧਾਰਣ ਚਰਚ ਵਾਂਗ ਹੀ ਆਪਸ ਚ ਮਿਲਦੇ, ਪ੍ਰਾਰਥਨਾ ਕਰਦੇ ਤੇ ਸਹਿਭਾਗਿਤਾ ਕਰਦੇਤੇ ਇਕ ਦੂਜੇ ਨੂੰ ਉਤਸ਼ਾਹਤ ਕਰਦੇ ਹਨ।

ਲੀਡਰਸ਼ਿਪ ਸਿਖਲਾਈ ਸਭਾਵਾਂ ਅਤੇ ਸਾਥੀਆਂ ਨੂੰ ਤਿਆਰ ਕਰਨ ਵਿੱਚ 3 /3 ਨਮੂਨੇ ਦਾ ਇਸਤਾਮਾਲ ਕੀਤਾ ਗਿਆ ਹੈ।

ਯੋਜਨਾ ਬਣਾਨ, ਮੁਲਾਕੰਣ ਕਰਨ ਤੇ ਉੱਚ ਸਤਰ ਤੇ ਸਿਖਾਣ ਦੇ ਲਈਸਥਾਨਕ ਸਤਰ ਵਾਂਗ ਹੀਚਾਰ ਖੇਤਰੀ ਨਮੂਨੇ ਦੀ ਵਰਤੋਂ ਕੀਤੀ ਜਾਂਦੀ ਹੈ।

ਜਦੋਂ ਲੀਡਰਸ ਮਿਲਦੇ ਹਨ ਤਾਂ ਓਹ ਦਸਦੇ ਹਨ ਕਿ ਓਨਾਂਦੇ ਨਾਲ ਅਤੇ ਓਨਾਂ ਦੇ ਨੈਟਵਰਕਵਿੱਚ ਕਿ ਹੋ ਰਿਹਾ ਹੈ। ਓਹ ਪਰਵਾਰਾਂ ਦੀ ਅਗਵਾਈ ਕਰਦੇ ਹਨ ਅਤੇ ਓਨਾਂ ਦੀ ਕੁਸ਼ਲਤਾ ਦੇ ਬਾਰੇ ਚ ਦਸਦੇ ਹਨ। ਆਤਮਕ ਪਰਵਾਰਾਂ ਦੇ ਨੈਟਵਰਕਦੇ ਲਈ ਕੇਂਦਰ ਇਕ ਵਧਿਆ ਥਾਂ ਹੈ, ਜਿਥੋਂ ਨੈਟਵਰਕਸ਼ੁਰੂ ਹੁੰਦਾ ਹੈ। ਇਕ ਚਰਚ ਨੈਟਵਰਕਜੋ ਤਾਮਪਾ ਤੋਂ ਸ਼ੁਰੂ ਹੁੰਦਾ ਹੈ, ਓਹ ਤਾਮਪਾ ਚ ਸ਼ਹਿਰ ਦਾ ਚਰਚ ਹੋਵੇਗਾ ਜਦ ਓਹ ਵਧਦੇ ਹਨ ਅਤੇ ਪੂਰੇ ਰਾਜ ਵਿੱਚ ਸੇਵਕਾਈ ਕਰਦੇ ਹਨ, ਤਾਂ ਓਹ ਫ੍ਲੋਰਿਡਾਵਿੱਚ ਨੈਟਵਰਕਦੇ ਲਈ ਕੰਮਕਰਨਗੇ ਜਦ ਓਹ ਦੇਸ਼ ਵਿੱਚ ਅਤੇ ਦੁਨਿਆਂ ਵਿੱਚ ਭੇਜੇ ਜਾਂਦੇ ਹਨ ਅਤੇ ਸੇਵਕਾਈ ਕਰਦੇ ਹਨ ਤਾਂ ਓਹ ਰਾਸ਼ਟਰੀ ਅਤੇਅੰਤਰਰਾਸ਼ਟਰੀ ਸਤਰ ਤੇ ਕੰਮ ਕਰਦੇ ਹਨ।

ਯਿਸੂ ਨੇ ਕਿਹਾ ਹੈ – ਜੇ ਤੁਸੀਂ ਥੋੜੇ ਵਿੱਚ ਵਿਸ਼ਵਾਸੀ ਹੋ ਤਾਂ ਬੋਹਤੇ ਵਿੱਚ ਵੀ ਵਿਸ਼ਵਾਸੀ ਹੋ।

ਚਰਚ ਦੇ ਇਹ ਨੈਟਵਰਕਇਕ ਦੂਜੇ ਨਾਲ ਜੁੜੇ ਹੁੰਦੇ ਹਨ, ਓਨਾਂ ਦੇ ਇਕੋ ਜਿਹੇ ਆਤਮਕ DNA ਅਤੇ ਇਕੋ ਜਿਹੀ ਸ਼ੁਰੁਆਤ ਹੋਣ ਕਰਕੇ। ਕਦੇ - ਕਦੇ ਨੈਟਵਰਕਬੋਹਤ ਸਾਰੇ ਨੈਟਵਰਕਵਿੱਚ ਵੰਡਿਆ ਜਾਂਦਾ ਹੈ, ਭਾਸ਼ਾ, ਮਿਲਣ ਦੇ ਮੌਕੇ ਜਾਂ ਹੋਰ ਕਾਰਣਾਂ ਕਰਕੇ।

ਇਹਵਧਣ ਦਾ ਹਿੱਸਾ ਹੈ ਨਾ ਕਿ ਪਰੇਸ਼ਾਨੀ ਦਾ। ਸਿਖਣ, ਆਗਿਆ ਮਨੰਣ ਅਤੇ ਪਰਮੇਸ਼ਰ ਦੇ ਵਚਨ ਨੂੰ ਵੰਡਣ ਦੇ ਲਈ ਸਧਾਰਣ ਚਰਚ ਅਤੇ ਚੇਲਿਆਂ ਦੀ ਇਛਿਆ ਇਕ ਮੁਹਿਮ ਦੇ ਆਤਮਕ DNA ਹਨ.ਜੇ ਇਹ ਸਫਲਤਾ ਨਾਲ ਪੀੜ੍ਹੀ ਤੋਂ ਪੀੜ੍ਹੀ ,ਚਰਚ ਤੋਂ ਚਰਚ ਅਤੇ ਵਿਸ਼ਵਾਸੀ ਤੋਂ ਵਿਸ਼ਵਾਸੀ ਨੂੰ ਦੇ ਦਿੱਤੇ ਜਾਣ ਤਾਂ ਚੇਲਿਆਂ ਨੂੰ ਵਧਾਣ ਦੀ ਨਵੀਂ ਮੁਹਿਮ ਦੀ ਸ਼ੁਰੁਆਤ ਕਰਨ ਦੇ ਲਈ ਹਰ ਲੋੜੀਂਦੀ ਚੀਜ਼ ਆਤਮਕ ਪਰਵਾਰ ਵਿੱਚ ਤੇ ਯਿਸੂ ਦੇ ਹਰ ਚੇਲੇ ਵਿੱਚ ਪਹਿਲਾਂ ਤੋਂ ਹੀਮੌਜੂਦਰਵੇਗੀ।

ਜਦ ਮੁਹਿਮ, ਮੁਹਿਮ ਦੀ ਸ਼ੁਰੁਆਤ ਕਰਦਾ ਹੈ, ਤਾਂ ਓਦੋਂ ਅਸੀਂ ਸ਼ਹਿਰ ਜਾਂ ਰਾਜ ਜਾਂ ਦੇਸ਼ ਦੇ ਆੱਟੇ ਵਿੱਚਖ਼ਮੀਰ ਨੂੰ ਕੰਮ ਕਰਦੇ ਵੇਖਦੇ ਹਾਂ ਪਰਮੇਸ਼ਰ ਦਾ ਰਾਜ ਇਸ ਤਰਾਂ ਨਾਲਆਉਂਦਾ ਹੈ ਕਿ ਪਰਮੇਸ਼ਰ ਦੀ ਇਛਿਆ ਧਰਤੀ ਤੇ ਓਸੇ ਤਰਾਂ ਨਾਲ ਪੂਰੀ ਹੁੰਦੀ ਹੈ ਜਿਵੇਂ ਸੁਰਗ ਵਿੱਚ. ਇਸ ਤਰਾਂ ਸਾਰੇ ਦੇਸ਼ਾਂ ਤੋਂ ਚੇਲੇ ਬਣਾਨ ਨਾਲਅਸੀਂ ਇਸ ਮਹਾਨ ਮੁਹਿਮ ਨੂੰ ਪੂਰਾ ਕਰ ਸਕਦੇ ਹਾਂ।

## ਚਰਚਾ ਕਰੋ

**(10 ਮਿੰਟ)**

ਕੀ ਇੱਥੇ ਲਾਭ ਹੁੰਦੇ ਹਨ ਜਦੋਂ ਸਧਾਰਨ ਕਲੀਸਿਯਾਵਾਂ ਦੇ ਨੈਟਵਰਕ ਡੂੰਘੇ, ਨਿੱਜੀ ਸੰਬੰਧਾਂ ਦੁਆਰਾ ਜੁੜਦੇ ਹਨ? ਕਿਹੜੀਆਂ ਕੁਝ ਉਦਾਹਰਣਾਂ ਹਨ ਜੋ ਮਨ ਵਿੱਚ ਆਉਂਦੀਆਂ ਹਨ?

## ਪੜ੍ਹੋ

**(5 ਮਿੰਟ)**

**ਕੁਲੀਨ ਸਿਖਲਾਈ ਸਮੂਹ**

ਯਿਸੂ ਨੇ ਕਿਹਾ : - "ਮੈ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂਕਿਇੱਕ ਦੂਏਨੂੰਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ .ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇਭਈ ਤੁਸੀਂ ਮੇਰੇ ਚੇਲੇ ਹੋ।"

ਇਕ ਸਹਿਕਰਮੀ ਸਲਾਹ ਦੱਲ ਓਹ ਹੈ ਜੋ ਓਨਾਂ ਮਨੁੱਖਾਂ ਨਾਲ ਬਣਿਆ ਹੁੰਦਾ ਹੈ ਜੋ 3/3 ਦੱਲ ਸ਼ੁਰੂ ਕਰ ਰਹੇ ਹਨ ਅਤੇ ਅਗਵਾਈ ਕਰ ਰਹੇ ਹਨ। ਇਸ ਵਿੱਚ ਵੀ 3/3 ਰੂਪ ਦਾ ਪਾਲਨ ਹੁੰਦਾ ਹੈ ਅਤੇ ਇਹ ਇਕ ਦਮਦਾਰ ਤਰੀਕ਼ਾ ਹੈ ਤੁਹਾਡੇ ਖੇਤਰ ਵਿੱਚ ਪਰਮੇਸ਼ਰ ਦੇ ਕਾਰਜ ਦੀ ਅਧਿਆਤਮਕ ਸਿਹਤਨੂੰ ਜਾਚਣਦਾ।

ਸਹਿਕਰਮੀ ਸਲਾਹ ਸਮੂਹ ਇਕ ਇਕ ਆਗੂ ਦੀ ਨਿਗਰਾਨੀ ਹੇਠ ਯਿਸੂ ਦੇ ਇਕ –ਇਕ ਚੇਲੇ ਨੂੰ ਸਲਾਹ ਦਿੰਦਾ ਹੈ, ਸਧਾਰਣ ਗਿਰਜੇ, ਸੇਵਕਾਈ ਸੰਗਠਨ ਜਾਂਗਲੋਬਲ ਸਿਮ੍ਪਲ ਚਰਚ ਨੇਟਵਰਕ ਦੇ ਨਾਲ ਜੋ ਦੁਨਿਆਂ ਭਰ ਵਿੱਚ ਪਹੁੰਚਦੇ ਹਨ।

ਸਹਿਕਰਮੀ ਸਲਾਹ ਦੱਲ, ਪੋਥੀ ਵਿਚੋਂ ਸੇਵਕਾਈ ਦੇ ਯਿਸੂ ਦੀ ਮਿਸਾਲ ਦਾ ਪਾਲਨ ਕਰਦੇ ਹਨ, ਇਕ –ਇਕ ਕਰਕੇ ਸਵਾਲ ਪੁਛਦੇ ਹਨ ਤੇ ਆਪਣੀ ਰੈ (ਰਾਇ) ਦਿੰਦੇ ਹਨ – 3/3 ਦੱਲ ਦੇ ਰੂਪ ਵਿੱਚ ਇਕ ਹੀ ਬੁਨਿਆਦੀ ਸਮੇਂ ਦੇ ਢਾਂਚੇ ਦਾ ਇਸਤਮਾਲ ਕਰਦੇ ਹੋਏ। ਇਨਾਂਦੱਲਾਂ ਦਾ ਉਦੇਸ਼ ਨਿੰਦਿਆ ਕਰਨਾ ਨਹੀਂ ਹੈ – ਇਕ ਸੱਦਸ ਦੀ ਤਰੀਫ਼ ਕਰਨਾ ਅਤੇ ਦੂਜਿਆਂ ਨੂੰਨਿੱਚਾ ਵਿਖਾਣਾ।

ਯਿਸੂ ਨੇ ਕਿਹਾ – "ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਏ। ਕਿਓਂਕੀ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੈ। ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮੇਪ ਨਾਲਤੁਸੀਂਮਿਣਦੇ ਹੋ ਉਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ।

ਸਗੋਂ ਸਹਿਕਰਮੀ ਸਲਾਹ ਦੱਲ ਦਾ ਉਦੇਸ਼ ਯਿਸੂ ਦੇ ਚੇਲਿਆਂ ਦੀ ਮਦਦ ਲਈ ਇਕ ਅਸਾਨ ਤਰਤੀਬ ਤਿਆਰ ਕਰਨਾ ਹੈ ਤਾਂ ਜੋ ਓਹ ਪ੍ਰਾਰਥਨਾ, ਹੁਕਮਪਾਲਣਾ, ਬੇਨਤੀ ਅਤੇ ਜਵਾਬਦੇਹੀ ਵਿੱਚ ਅੱਗੇ ਵੱਧ ਸਕਣ .ਦੂਜੇ ਸ਼ਬਦਾਂ ਵਿੱਚ – "ਇਕ ਦੂਜੇ ਨਾਲ ਪ੍ਰੇਮ ਕਰਨਾ।

ਵੇਖੋ ਇਹ ਕਿਵੇਂ ਕੰਮ ਕਰਦਾ ਹੈ :

**ਪਿਛੇ ਵੇਖੋ / ਅਤੀਤ ਚ ਵੇਖੋ**

ਪਹਿਲੇਤਿਹਾਈ ਦੇ ਦੌਰਾਨ – ਪ੍ਰਾਰਥਨਾ ਅਤੇ ਦੇਖਭਾਲ ਵਿੱਚ ਸਮਾਂ ਗੁਜ਼ਾਰੋ ਬਿਲਕੁਲ ਓਂਜ ਹੀ ਜਿਵੇਂ ਤੁਸੀਂ ਸ਼ੁਰੁਵਾਤੀ 3 /3 ਦੱਲ ਵਿੱਚ ਕੀਤਾ ਸੀ। ਫੇਰ ਸਮੂਹ ਦੀ ਦੂਰਅੰਦੇਸ਼ੀ ਨੂੰ ਸਮਝਣ ਵਿੱਚ ਸਮਾਂ ਗੁਜ਼ਾਰੋ – ਕਿਵੇਂਅਸੀਂ ਨਿਜੀ ਰੂਪ ਵਿੱਚ ਯਿਸੂ ਵਿੱਚ ਸਮਾਹਿਤ ਹੋ ਰਹੇ ਹਾਂ ਜਦੋਂ ਅਸੀਂ ਪੋਥੀ ਪੜਦੇ ਹਾਂ, ਪਰਮੇਸ਼ਰ ਦੀ ਪ੍ਰਾਰਥਨਾ ਕਰਦੇ ਹਾਂ, ਓਨਾਂ ਤੇ ਵਿਸ਼ਵਾਸ ਅਤੇ ਪਾਲਨ ਕਰਦੇ ਤੇ ਇਨਾਂ ਅਹਿਮ ਰਿਸ਼ਤਾ ਜਿਉਂਦੇ ਹਾਂ ?

ਆਖਿਰ ਵਿੱਚ ਪਹਿਲੀ ਤਿਹਾਈ ਦੇ ਦੌਰਾਨ, ਸਮੂਹ ਦੀ ਟਿਪਣੀਆਂ ਪੁਛੋ ਅਤੇ ਹਰੇਕ ਨੂੰ ਓਨਾਂਦੀ ਕਾਰਜ ਯੋਜਨਾਵਾਂ ਤੇ ਆਪਣੀ ਰਾਇ ਦਿਓ ਤੇ ਅਖੀਰੀ ਸੇਸ਼ਨ ਵਿੱਚ ਵਚਨਬਧਤਾ ਬਣਾਓ।

**ਝਾਂਕਨਾ**

ਦੱਲ ਦਾ ਮੱਧ ਤਿਹਾਈ ਸਮਾਂ ਪਰਮੇਸ਼ਰ ਦੀ ਵਡਿਆਈ ਵਿੱਚ ਗੁਜ਼ਾਰੋ ਅਤੇ ਪੋਥੀ ਦੇ ਦਿਸ਼ਾ – ਨਿਰਦੇਸ਼, ਵਿਚਾਰ – ਵਟਾਂਦਰੇਤੇ ਪ੍ਰਾਰਥਨਾ ਕਰਨ ਵਿੱਚ ਗੁਜ਼ਾਰੋ। ਇਕ ਸਾਦੀ ਤੇ ਛੋਟੀ ਜਿਹੀ ਪ੍ਰਾਰਥਨਾ ਕਰੋ, ਪਰਮੇਸ਼ਰ ਨੂੰ ਕਹੋ ਓਹ ਆਪਣੇ ਵਚਨਾਂ ਦੇ ਜ਼ਰੀਏ ਤੁਹਾਨੂੰਆਪਣੇ ਅਦੇਸ਼ ਤੇ ਤਰੀਕ਼ੇ ਸਿਖਾਣ.ਪਵਿੱਤਰਆਤਮਾ ਨੂੰ ਤੁਹਾਡੇ ਸਮੇਂ ਦੀ ਅਗਵਾਈ ਕਰਨ ਨੂੰ ਕਹੋ।

ਦੱਲ ਦੇ ਸਦੱਸਾ ਨੂੰ ਸਬ ਨੂੰ ਦੱਸਣਾ ਚਾਹਿਦਾ ਹੈ ਜੋ ਵੀ ਓਨਾਂ ਨੇ ਆਪਣੇ ਅਗਵਾਈ ਦੇ ਖੇਤਰ ਬਾਰੇ ਪਰਮੇਸ਼ਰ ਤੋਂ ਸਿਖਿਆ – ਚਾਹੇ ਪਰਮੇਸ਼ਰ ਦੇ ਵਚਨ ਦੇ ਜ਼ਰੀਏ ਜਾਂ ਬਾਕੀ ਚੇਲਿਆਂ ਤੋਂ।

ਇਨਾਂ ਅਸਾਨ ਸਵਾਲ ਤੇ ਦੱਲ ਦੇ ਨਾਲ ਵਿਚਾਰ-ਵਟਾਂਦਰਾ ਕਰੋ :

- ਚਾਰ ਖੇਤਰਾਂ ਦੇ ਢਾਂਚੇ ਦੇ ਹਰੇਕ ਭਾਗ ਵਿੱਚ ਤੁਸੀਂ ਕਿਵੇਂ ਕਰ ਰਹੇ ਹੋ ?
- ਕਿ ਚੰਗੀ ਤਰਾਂ ਚੱਲ ਰਿਹਾ ਹੈ ? ਤੁਹਾਡੀ ਸਬ ਤੋਂ ਵੱਡੀ ਚੁਣੋਤੀ ਕੀ ਹੈ?
- ਆਪਣੀ ਮੌਜੂਦਾ ਪੀੜ੍ਹੀ ਦੇ ਮਾਨਚਿਤਰ ਦੀ ਸਮੀਖਿਆ ਕਰੋ
- ਤੁਹਾਨੂੰਕੀ ਚੁਣੋਤੀਪੂਰਣ ਲਗਦਾ ਹੈ ਜਾਂ ਤੁਹਾਨੂੰ ਕਿ ਸਮਝਣ ਵਿੱਚ ਮੁਸ਼ਕਲ ਹੋਈ ਸੀ?

- ਹਾਲ ਹੀ ਵਿੱਚ ਪਰਮੇਸ਼ਰ ਤੁਹਾਨੂੰ ਕਿ ਵਿਖਾ ਰਹੇ ਹਨ ?
- ਕੀ ਹਾਲੇ ਵੀ ਕੋਈ ਸਵਾਲ ਜਾਂ ਪ੍ਰਤੀਕਿਰਿਆ ਹੈ ਕਿਸੇ ਤਜਰਬੇਕਾਰ ਆਗੂ ਜਾਂ ਸਹਿਭਾਗੀ ਦੇ ਵਲੋਂ ?

**ਅੱਗੇ ਵੇਖੋ / ਵਿਚਾਰ ਕਰੋ**

ਦੱਲ ਦਾ ਅੰਤਮ ਤਿਹਾਈ ਸਮਾਂ ਵਿਚਾਰ ਕਰਨ ਵਿੱਚ ਗੁਜ਼ਾਰੋ ਕਿ ਜੋ ਅਸੀਂ ਸਿਖਿਆ ਹੈ ਉਸਦਾ ਅਸੀਂ ਕਿਵੇਂ ਪਾਲਨ ਤੇ ਉਸਤੇ ਅਮਲ ਕਰ ਸਕਦੇ ਹਾਂ। ਦੱਲ ਵਿੱਚ ਹਰੇਕ ਦੇ ਨਾਲ ਮੌਨ ਪ੍ਰਾਰਥਨਾ ਵਿੱਚ ਸਮਾਂ ਗੁਜ਼ਾਰੋ , ਪਵਿੱਤਰ ਆਤਮਾ ਨੂੰ ਕਹੋ ਕਿ ਓਨਾਂ ਨੂੰ ਵਿਖਾਣ ਕਿਵੇਂ ਇਨਾਂ ਸਵਾਲਾਂ ਦੇ ਜਵਾਬ ਦੇਣ :

- ਪਰਮੇਸ਼ਰ ਨੇ ਅਭਿਆਸ ਤੋਂ ਪਹਿਲਾਂ ਕਿਹੜੇ ਕੰਮ ਦੀ ਯੋਜਨਾਵਾਂ ਜਾਂ ਲਕਸ਼ ਮੇਰੇ ਜ਼ਹਿਨ ਵਿੱਚ ਪਾਏ ਹੋਣੇ, ਅਗਲੀ ਵਾਰ ਕੱਠੇ ਰਹਿਣ ਦੇ ਲਈ ? (ਆਪਣੇ ਕੰਮ ਤੇ ਧਿਆਨ ਕੇਂਦਰਿਤ ਕਰਨ ਦੇ ਲਈ ਚਾਰ ਖੇਤਰੀ ਟੂਲਦੀ ਮਦਦ ਲਵੋ)
- ਮੇਰਾ ਸਲਾਹਕਾਰ ਜਾਂ ਦੂਜੇ ਦੱਲਾਂ ਦੇ ਸੱਦਸ ਕਿਵੇਂ ਇਸ ਕੰਮ ਵਿੱਚ ਮੇਰੀ ਮਦਦ ਕਰ ਸਕਦੇ ਹਨ।

ਆਖਿਰ ਵਿੱਚ ਪ੍ਰਾਰਥਨਾ ਵਿੱਚ ਪਰਮੇਸ਼ਰ ਨਾਲ ਗੱਲ ਕਰਦੇ ਹੋਏ ਇਕ ਸਮੂਹ ਦੇ ਰੂਪ ਵਿੱਚ ਸਮਾਂ ਗੁਜ਼ਾਰੋ। ਪੂਰੇ ਸਮੂਹ ਦੇ ਨਾਲ ਪ੍ਰਾਰਥਨਾ ਕਰੋ ਤਾਂ ਜੋ ਹਰੇਕ ਸੱਦਸ ਪ੍ਰਾਰਥਨਾ ਕਰੇ ਤੇ ਪਰਮੇਸ਼ਰ ਨੂੰ ਕਹੇ ਕਿ ਓਹ ਓਨਾਂ ਸਾਰੇ ਲੋਕਾਂ ਦੇ ਹਿਰਦੇ ਤਿਆਰ ਕਰਨ ਜਿਨਾਂ ਦੇ ਕੋਲ ਓਹ ਆਪਣੇ ਅਲਗ ਸਮੇਂ ਦੇ ਦੌਰਾਨ ਜਾਣ ਵਾਲੇ ਹਨ।

ਪਰਮੇਸ਼ਰ ਦੇ ਲਈ ਪ੍ਰਾਰਥਨਾ ਕਰੋ ਕਿ ਓਹ ਸਮੂਹ ਦੇ ਹਰੇਕ ਸੱਦਸ ਨੂੰ ਸਾਹਸ ਅਤੇ ਬਲ ਦੇਣ ਤਾਂ ਜੋ ਉਹ ਪਰਮੇਸ਼ਰ ਦੇ। ਰਾਹੀਂ ਇਸ ਸੇਸ਼ਨ ਵਿੱਚ ਸਿਖਾਈ ਗੱਲਾਂ ਤੇ ਅਮਲ ਤੇ ਓਨਾਂ ਦਾ ਪਾਲਨ ਕਰ ਸਕਣ। ਜੇ ਇਕ ਤਜੁਰਬੇਕਾਰ ਆਗੂ ਇਕ ਨੌਜਵਾਨ ਆੱਗੂ ਦੇ ਲਈ ਖ਼ਾਸ ਪ੍ਰਾਰਥਨਾ ਕਰਨਾ ਚਾਹੁੰਦਾ ਹੈ, ਤਾਂ ਓਸ ਪ੍ਰਾਰਥਨਾ ਦੇ ਲਈ ਇਹ ਬਿਲਕੁਲ ਸਹੀ ਸਮਾਂ ਹੈ।

ਜਿਸ ਸਮੇਂ ਉਹ ਸਮੂਹ ਅਕਸਰ ਇਕ ਦੂਰੀ ਤੇ ਮਿਲਦੇ ਹਨ, ਤਾਂ ਤੁਸੀਂ ਪਰਿਵਾਰ ਦੇ ਭੋਜਨ ਜਾਂਇਕ ਅਹਾਰ ਨੂੰ ਵੰਡਣ ਦੇ ਜਸ਼ਨ ਵਿੱਚ ਸਮਰਥ ਹੁੰਦੇ ਹੋ, ਪਰ ਪੱਕਾ ਕਰੋ ਕਿ ਤੁਸੀਂ ਸਮਾਂ ਕਡੋ ਪਰਿਵਾਰ ਅਤੇ ਮਿੱਤਰਾਂ ਦੇ ਸਵਾਸਥ ਬਾਰੇ ਲਿਖਣ ਲਈ।

ਯਿਸੂ ਨੇ ਸਾਨੂੰ ਬਾਰ – ਬਾਰ ਵਿਖਾਇਆ ਕਿ ਭਾਵੇਂ ਓਨਾਂ ਨੇ ਸਬਤੋਂ ਮਹੱਤਵਪੂਰਣ ਕਾਰਜ ਪੂਰਾ ਕਰ ਲਿਆ ਹੋਵੇ, ਓਨਾਂ ਨੇ ਸੰਤੁਲਨ ਬਣਾ ਲਿਆ ਹੋਵੇ, ਹਮੇਸ਼ਾ, ਓਨਾਂ ਨੇ ਅਪਣਿਆ ਦੇ ਲਈ ਸਮਾਂ ਕਡਿਆ ਜਿਨਾਂ ਨਾਲ ਓਹ ਪ੍ਰੇਮ ਕਰਦੇ ਹਨ। ਇਕ ਸਹਿਕਰਮੀ ਸਲਾਹਕਾਰ ਦੱਲ ਇਕ ਸੌਖਾ ਤੇ ਜ਼ੁਮੇ ਟੂਲਕਿੱਟ ਦਾ ਮਹੱਤਵਪੂਰਣ ਸਾਧਨ ਹੈ ਜੋ ਮਜਬੂਤ ਆਗੂਆਂ ਦਾ ਵਿਕਾਸ ਕਰਦਾ ਹੈ।

---

## ਕਿਰਿਆ

**(45 ਮਿੰਟ)**

**ਕੁਲੀਨ ਸਿਖਲਾਈ ਸਮੂਹ ਅਭਿਆਸ**

- ਦੋ ਜਾਂ ਤਿੰਨ ਦੇ ਸਮੂਹਾਂ ਵਿੱਚ ਚਲੇ ਜਾਉ। 3/3 ਪ੍ਰਾਰੂਪ ਕੁਲੀਨ ਸਿਖਲਾਈ ਸਮੂਹ ਰੂਪਰੇਖਾ ਦੀ ਵਰਤੋਂ ਕਰੋ।
- ਸਮੂਹ ਦੇ ਵਿੱਚ ਇੱਕ ਵਿਅਕਤੀ ਨੂੰ "ਸਿੱਖਿਅਕ" ਵਜੋਂ ਚੁਣੋ ਅਤੇ ਦੂਜੇ ਮੈਂਬਰ ਨੂੰ ਕੁਲੀਨ ਸਿੱਖਿਅਕਾਂ ਵਜੋਂ ਦਿੱਤੀ ਪ੍ਰਸ਼ਨਾਂ ਦੀ ਸੂਚੀ ਤੇ ਕੰਮ ਕਰਨ ਲਈ ਕਹੋ।

**ਇੱਕ ਕੁਲੀਨ ਸਿਖਲਾਈ ਸਮੂਹ ਵਿੱਚ ਅਗਵਾਈ ਕਰਨ ਲਈ ਸਾਧਾਰਨ ਢਾਂਚਾ:**

**ਪਿੱਛੇ ਵੇਖੋ {ਤੁਹਾਡੇ ਸਮੇਂ ਦਾ ੧/੩}**

ਪਹਿਲੇ ਤਿਹਾਈ ਦੇ ਦੌਰਾਨ – ਪ੍ਰਾਰਥਨਾ ਵਿੱਚ ਸਮਾਂ ਖਰਚ ਕਰੋ ਅਤੇ ਇੱਕ ਬੁਨਿਆਦੀ ੩/੩ ਸਮੂਹ ਵਿੱਚ ਜਿਵੇਂ ਤੁਸੀਂ ਦੇਖਭਾਲ ਕਰੋਗੇ ਉਹ ਕਰੋਗੇ। ਤਦ ਪਿਛਲੀਆਂ ਟਿੱਪਣੀਆਂ ਵਿੱਚ ਸਮੂਹ ਦੇ ਦਰਸ਼ਣ ਅਤੇ ਵਫ਼ਾਦਾਰੀ ਉੱਤੇ ਨਜ਼ਰ ਮਾਰਦੇ ਹੋਏ ਸਮਾਂ ਖਰਚ ਕਰੋ। ਕਿੰਨੀ ਚੰਗੀ ਤਰ੍ਹਾਂ ਤੁਸੀਂ ਮਸੀਹ ਵਿੱਚ ਬਣੇ ਹੋਏ ਹੋ? {ਪਵਿੱਤਰ ਵਚਨ, ਪ੍ਰਾਰਥਨਾ, ਭਰੋਸਾ, ਆਗਿਆਕਾਰੀ, ਕੁੰਜੀ ਸੰਬੰਧ?} ਕੀ ਤੁਹਾਡੇ ਸਮੂਹ ਨੇ ਪਿਛਲੇ ਸੈਸ਼ਨ ਵਿੱਚ ਤੁਹਾਡੀਆਂ ਕਾਰਜ ਯੋਜਨਾਵਾਂ ਨੂੰ ਪੂਰਾ ਕੀਤਾ ਸੀ? ਉਨ੍ਹਾਂ ਦਾ ਅਵਲੋਕਨ ਕਰੋ।

**ਉਤਾਂਹ ਵੇਖੋ {ਤੁਹਾਡੇ ਸਮੇਂ ਦਾ ੧/੩}**

ਸਮੂਹ ਨੂੰ ਹੇਠਾਂ ਦਿੱਤੇ ਸਾਧਾਰਨ ਪ੍ਰਸ਼ਨਾਂ ਉੱਤੇ ਚਰਚਾ ਕਰਨ ਦਿਓ:

- ਤੁਹਾਡੇ ਚਾਰ ਖੇਤਰਾਂ ਦੇ ਰੇਖਾਚਿੱਤਰ ਦੇ ਹਰੇਕ ਭਾਗ ਵਿੱਚ ਤੁਸੀਂ ਕਿਵੇਂ ਕਰ ਰਹੇ ਹੋ?
- ਕੀ ਠੀਕ ਕੰਮ ਕਰ ਰਿਹਾ ਹੈ? ਤੁਹਾਡੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਕਿਹੜੀਆਂ ਹਨ?
- ਤੁਹਾਡੇ ਵਰਤਮਾਨ ਭੂਗੋਲਿਕ ਨਕਸ਼ੇ ਦਾ ਅਵਲੋਕਨ ਕਰੋ।

- ਕਿਹੜੀ ਗੱਲ ਨੇ ਤੁਹਾਨੂੰ ਚੁਣੌਤੀ ਦਿੱਤੀ ਜਾਂ ਕਿਹੜੀ ਗੱਲ ਨੂੰ ਤੁਸੀਂ ਸਮਝਣ ਵਿੱਚ ਮੁਸ਼ਕਿਲ ਪਾਇਆ?
- ਪਰਮੇਸ਼ੁਰ ਤੁਹਾਨੂੰ ਹਾਲ ਵਿੱਚ ਕੀ ਵਿਖਾ ਰਿਹਾ ਹੈ?
- ਕੀ ਇੱਥੇ ਮੌਸਮੀ ਆਗੂਆਂ ਜਾਂ ਹੋਰ ਭਾਈਵਾਲਾਂ ਤੋਂ ਕੋਈ ਪ੍ਰਸ਼ਨ ਹੈ?

**ਅੱਗੇ ਵੇਖੋ {ਤੁਹਾਡੇ ਸਮੇਂ ਦਾ ੧/੩}**

ਸਮੂਹ ਵਿੱਚ ਪਵਿੱਤਰ ਆਤਮਾ ਨੂੰ ਇਹ ਆਖਦੇ ਹੋਏ ਕਿ ਉਨ੍ਹਾਂ ਨੂੰ ਵਿਖਾਵੇ ਕਿ ਕਿਵੇਂ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੇਣਾ ਹੈ ਸਮੂਹ ਵਿੱਚ ਹਰੇਕ ਨਾਲ ਸ਼ਾਂਤ ਪ੍ਰਾਰਥਨਾ ਵਿੱਚ ਸਮਾਂ ਖਰਚ ਕਰੋ:

- ਕਿਹੜੀ ਕਿਰਿਆਵਾਂ ਯੋਜਨਾਵਾਂ ਜਾਂ ਟੀਚੇ ਪਰਮੇਸ਼ੁਰ ਸਾਡੇ ਅਗਲੀ ਵਾਰ ਇਕੱਠੇ ਹੋਣ ਤੋਂ ਪਹਿਲਾਂ ਅਭਿਆਸ ਵਿੱਚ ਲਿਆਉਣਾ ਚਾਹੁੰਦਾ ਹੈ? {ਤੁਹਾਡੇ ਕੰਮ ਉੱਤੇ ਕੇਂਦਰਿਤ ਹੋਣ ਵਿੱਚ ਸਹਾਇਤਾ ਦੇ ਲਈ ਚਾਰ ਖੇਤਰੀ ਸਾਧਨ ਦੀ ਵਰਤੋਂ ਕਰੋ}
- ਕਿਵੇਂ ਮੇਰੇ ਸਿੱਖਿਅਕ ਜਾਂ ਹੋਰ ਸਮੂਹ ਮੈਂਬਰ ਇਸ ਕੰਮ ਵਿੱਚ ਮੇਰੀ ਸਹਾਇਤਾ ਕਰਦੇ ਹਨ?

ਅੰਤ ਵਿੱਚ ਇੱਕ ਸਮੂਹ ਵਜੋਂ ਪ੍ਰਾਰਥਨਾ ਵਿੱਚ ਪਰਮੇਸ਼ੁਰ ਨਾਲ ਗੱਲਬਾਤ ਕਰਦੇ ਹੋਏ ਸਮਾਂ ਖਰਚ ਕਰੋ। ਸਮੂਹ ਨੂੰ ਪ੍ਰਾਰਥਨਾ ਕਰਨ ਲਈ ਕਹੋ ਤਾਂ ਜੋ ਹਰੇਕ ਮੈਂਬਰ ਦੇ ਲਈ ਪ੍ਰਾਰਥਨਾ ਕੀਤੀ ਜਾਵੇ ਅਤੇ ਪਰਮੇਸ਼ੁਰ ਨੂੰ ਉਨ੍ਹਾਂ ਸਭਨਾਂ ਦੇ ਦਿਲਾਂ ਨੂੰ ਤਿਆਰ ਕਰਨ ਲਈ ਕਹੋ ਜਿਨ੍ਹਾਂ ਕੋਲ ਸਮੂਹ ਉਨ੍ਹਾਂ ਦੇ ਅਲੱਗ ਕੀਤੇ ਗਏ ਸਮੇਂ ਦੇ ਦੌਰਾਨ ਪਹੁੰਚੇਗਾ। ਸਮੂਹ ਦੇ ਹਰੇਕ ਮੈਂਬਰ ਨੂੰ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਇਸ ਸੈਸ਼ਨ ਦੇ ਵਿੱਚ ਸਿਖਾਇਆ ਹੈ ਉਹ ਲਾਗੂ ਕਰਨ ਅਤੇ ਆਗਿਆ ਪਾਲਨ ਕਰਨ ਦੀ ਦਲੇਰੀ ਅਤੇ ਤਾਕਤ ਦੇਣ ਲਈ ਕਹੋ। ਜੇਕਰ ਇੱਕ ਮਾਹਿਰ ਆਗੂ ਨੂੰ ਖਾਸ ਕਰਕੇ ਇੱਕ ਜੁਆਨ ਆਗੂ ਦੇ ਲਈ ਪ੍ਰਾਰਥਨਾ ਕਰਨ ਦੀ ਲੋੜ ਹੈ ਤਾਂ ਇਹ ਉਸ ਪ੍ਰਾਰਥਨਾ ਦੇ ਲਈ ਸਭ ਤੋਂ ਬੇਹਤਰ ਸਮਾਂ ਹੈ। ਕਿਉਂ ਜੋ ਇਹ ਸਮੂਹ ਅਕਸਰ ਦੂਰ ਇਕੱਠੇ ਹੁੰਦੇ ਹਨ, ਤੁਹਾਡੇ ਕੋਲ ਬਹੁਤ ਘੱਟ ਪ੍ਰਭੂ ਭੋਜ ਦਾ ਜਸ਼ਨ ਮਨਾਉਣ ਜਾਂ ਇੱਕ ਭੋਜਨ ਵੰਡਣ ਦਾ ਮੌਕਾ ਹੋਵੇਗਾ, ਪਰ ਸਿਹਤ ਅਤੇ ਪਰਿਵਾਰ ਅਤੇ ਮਿੱਤਰਾਂ ਬਾਰੇ ਸੁੱਖ-ਸਾਂਦ ਪੁੱਛਣਾ ਯਕੀਨੀ ਜ਼ਰੂਰ ਬਣਾਓ।

---

**ਤਿੰਨ-ਮਹੀਨਾ ਯੋਜਨਾ**

ਆਪਣੀ ਬਾਈਬਲ ਵਿੱਚ, ਪਰਮੇਸ਼ੁਰ ਆਖਦਾ ਹੈ, "ਮੈਂ ਤਾਂ ਆਪਣੀਆਂ ਸੋਚਾਂ ਨੂੰ ਜਿਹੜੀਆਂ ਤੁਹਾਡੇ ਵਿਖੇ ਸੋਚਦਾ ਹਾਂ ਜਾਣਦਾ ਹਾਂ, ਯਹੋਵਾਹ ਦਾ ਵਾਕ ਹੈ, ਸ਼ਾਂਤੀ ਦੀਆਂ ਸੋਚਾਂ, ਬੁਰਿਆਈ ਦੀਆਂ ਨਹੀਂ ਭਈ ਮੈਂ ਤੁਹਾਨੂੰ ਛੇਕੜ ਨੂੰ ਆਸ ਦੁਆਵਾਂ।"

ਪਰਮੇਸ਼ੁਰ ਯੋਜਨਾਵਾਂ ਬਣਾਉਂਦਾ ਹੈ, ਅਤੇ ਉਹ ਸਾਥੋਂ ਵੀ, ਯੋਜਨਾਵਾਂ ਬਣਾਉਣ ਦੀ ਉਮੀਦ ਕਰਦਾ ਹੈ।

ਇੱਕ ਤਿੰਨ ਮਹੀਨਾ ਯੋਜਨਾ ਉਹ ਸਾਧਨ ਹੈ ਜਿਸ ਨੂੰ ਤੁਸੀਂ ਆਪਣੇ ਧਿਆਨ ਨੂੰ ਅਤੇ ਕੋਸ਼ਿਸ਼ ਨੂੰ ਫੋਕਸ ਕਰਨ ਲਈ ਵਰਤ ਸਕਦੇ ਹੋ ਅਤੇ ਉਹ ਚੇਲੇ ਬਣਾਉਣ ਜੋ ਗੁਣਾਤਮਕ ਵਾਧਾ ਕਰਦੇ ਹਨ ਲਈ ਪਰਮੇਸ਼ੁਰ ਦੀਆਂ ਪ੍ਰਾਥਮਿਕਤਾਵਾਂ ਨਾਲ ਮੇਲ ਵਿੱਚ ਰੱਖਦਾ ਹੈ।

ਅਗਲੀ ਸਲਾਈਡ ਤੁਹਾਨੂੰ ਵਿਖਾਵੇਗੀ ਕਿ ਕਿਵੇਂ ਤੁਹਾਡੀ ਤਿੰਨ ਮਹੀਨਾ ਯੋਜਨਾ ਨੂੰ ਬਣਾਉਣਾ ਹੈ। ਅਸੀਂ ਔਨਲਾਈਨ ਸਾਧਨ ਦੀ ਵਰਤੋਂ ਕਰਨ ਦੀ ਸਿਫਾਰਸ਼ ਕਰਦੇ ਹਾਂ।

---

## ਕਿਰਿਆ

**(30 ਮਿੰਟ)**

**ਆਪਣੀ ਤਿੰਨ ਮਹੀਨਾ ਯੋਜਨਾ ਬਣਾਉ**

- ਪੜ੍ਹੋ-ਤੁਹਾਨੂੰ ਹਰੇਕ ਗੱਲਾਂ ਲਈ ਸਮਰਪਣ ਕਰਨ ਦੀ ਲੋੜ ਨਹੀਂ ਹੈ, ਪਰ ਇਸ ਦੀ ਬਜਾਏ ਉਹ ਤੁਹਾਡੀ ਯੋਜਨਾ ਲਈ ਪ੍ਰੇਰਨਾ ਵਜੋਂ ਚਾਹੇ ਗਏ ਹਨ। (5 ਮਿੰਟ)
- ਸੁਣੋ-ਜਿੰਨਾ ਸ਼ਾਂਤ ਹੋ ਸਕਦਾ ਹੋਣ ਦੀ ਕੋਸ਼ਿਸ਼ ਕਰੋ ਅਤੇ ਜੋ ਪਰਮੇਸ਼ੁਰ ਪਰਗਟ ਕਰਨ ਨੂੰ ਚੁਣਦਾ ਹੈ ਉਹ ਸੁਣੋ। (10 ਮਿੰਟ)

- ਆਪਣੀ ਯੋਜਨਾ ਨੂੰ ਰਿਕਾਰਡ ਕਰੋ – ਇੱਕ ਕਾਗਜ ਦੇ ਟੁੱਕੜੇ ਉੱਤੇ ਸਮਰਪਣਾਂ ਨੂੰ ਲਿਖੋ ਜਾਂ ਆਪਣੇ ਉੱਤਰਾਂ ਨੂੰ ਸੇਵ ਕਰਨ ਲਈ ਔਨਲਾਈਨ ਸਾਧਨ ਵਰਤੋਂ। (15 ਮਿੰਟ)

ਮੈਂ ਮੇਰੀ ਕਹਾਣੀ {ਗਵਾਹੀ} ਅਤੇ ਪਰਮੇਸ਼ੁਰ ਦੀ ਗਵਾਹੀ {ਖੁਸ਼ਖਬਰੀ} ਨੂੰ ਹੇਠਾਂ ਦਿੱਤੇ ਵਿਅਕਤੀਗਤ ਨਾਲ ਵੰਡਾਗਾਂ:

ਮੈਂ ਮੇਰੇ ਨਾਲ ਜਵਾਬਦੇਹੀ ਸਮੂਹ ਅਰੰਭ ਕਰਨ ਲਈ ਹੇਠਾਂ ਲਿਖੇ ਲੋਕਾਂ ਨੂੰ ਸੱਦਾ ਦਿਆਂਗਾ:

ਮੈਂ ਹੇਠਾਂ ਦਿੱਤੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਜਵਾਬਦੇਹੀ ਸਮੂਹ ਅਰੰਭ ਕਰਨ ਲਈ ਸੱਦਾ ਦਿਆਂਗਾ ਅਤੇ ਉਨ੍ਹਾਂ ਨੂੰ ਸਿਖਾਵਾਂਗਾ ਕਿ ਇਸ ਨੂੰ ਕਿਵੇਂ ਕਰਨਾ ਹੈ:

ਮੈਂ ਮੇਰੇ ਨਾਲ 3/3 ਸਮੂਹ ਨੂੰ ਅਰੰਭ ਕਰਨ ਲਈ ਹੇਠਾਂ ਦਿੱਤੇ ਲੋਕਾਂ ਨੂੰ ਸੱਦਾ ਦਿਆਂਗਾ:

ਮੈਂ ਹੇਠਾਂ ਦਿੱਤੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ 3/3 ਸਮੂਹਾਂ ਨੂੰ ਚੁਣੌਤੀ ਦਿਆਂਗਾ ਅਤੇ ਉਨ੍ਹਾਂ ਨੂੰ ਸਿਖਾਵਾਂਗਾ ਕਿ ਇਸ ਨੂੰ ਕਿਵੇਂ ਕਰਨਾ ਹੈ:

ਮੈਂ ਹੇਠਾਂ ਦਿੱਤੇ ਲੋਕਾਂ ਨੂੰ ਇੱਕ 3/3 ਆਸ ਜਾਂ ਖੋਜ ਸਮੂਹ ਵਿੱਚ ਭਾਗ ਲੈਣ ਲਈ ਸੱਦਾ ਦਿਆਂਗਾ:

ਮੈਂ ਮੇਰੇ ਨਾਲ ਪ੍ਰਾਰਥਨਾ ਯਾਤਰਾ ਵਿੱਚ ਭਾਗ ਲੈਣ ਲਈ ਹੇਠਾਂ ਦਿੱਤੇ ਲੋਕਾਂ ਨੂੰ ਸੱਦਾ ਦਿਆਂਗਾ:

ਮੈਂ ਹਰੇਕ {ਦਿਨ/ਹਫਤੇ/ਮਹੀਨੇ} ਵਿੱਚ ਇੱਕ ਵਾਰ ਪ੍ਰਾਰਥਨਾ ਯਾਤਰਾ ਕਰਾਂਗਾ।

ਮੈਂ ਹੇਠਾਂ ਦਿੱਤੇ ਲੋਕਾਂ ਨੂੰ ਉਨ੍ਹਾਂ ਦੀ ਕਹਾਣੀ ਅਤੇ ਪਰਮੇਸ਼ੁਰ ਦੀ ਕਹਾਣੀ ਨੂੰ ਵੰਡਣ ਲਈ ਤਿਆਰ ਕਰਾਂਗਾ ਅਤੇ ਉਨ੍ਹਾਂ ਦੇ ਸੰਬੰਧਾਤਮਕ ਨੈਟਵਰਕ ਵਿੱਚ 100 ਲੋਕਾਂ ਦੀ ਇੱਕ ਸੂਚੀ ਬਣਾਵਾਂਗਾ:

ਮੈਂ ਹੇਠਾਂ ਦਿੱਤੇ ਲੋਕਾਂ ਨੂੰ ਇੱਕ ਅੰਤਰਾਲ ਦੇ ਆਧਾਰ ਤੇ ਪ੍ਰਾਰਥਨਾ ਚੱਕਰ ਸਾਧਨ ਇਸਤੇਮਾਲ ਕਰਨ ਦੀ ਚੁਣੌਤੀ ਦਿਆਂਗਾ:

ਮੈਂ ਹਰੇਕ {ਦਿਨ/ਹਫ਼ਤੇ/ਮਹੀਨੇ} ਵਿੱਚ ਇੱਕ ਵਾਰ ਪ੍ਰਾਰਥਨਾ ਚੱਕਰ ਸਾਧਨ ਨੂੰ ਵਰਤਾਂਗਾ।

ਮੈਂ ਹੇਠਾਂ ਦਿੱਤੇ ਲੋਕਾਂ ਨੂੰ ਜਿਨ੍ਹਾਂ ਦੀ ਮੈਂ ਅਗਵਾਈ ਕਰਦਾ ਹਾਂ ਅਗਵਾਈ ਸੈਲ ਦਾ ਇੱਕ ਹਿੱਸਾ ਹੋਣ ਲਈ ਸੱਦਾਂਗਾ:

ਮੈਂ ਹੇਠਾਂ ਦਿੱਤੇ ਲੋਕਾਂ ਨੂੰ ਜ਼ੁਮੇ ਸਿਖਲਾਈ ਪਾਠਕ੍ਰਮ ਨੂੰ ਕਰਨ ਲਈ ਉਤਸ਼ਾਹਿਤ ਕਰਾਂਗਾ:

ਹੋਰ ਸਮਰਪਣ:

## ਚਰਚਾ ਕਰੋ

**(10 ਮਿੰਟ)**

ਇੱਕ ਦੂਜੇ ਨਾਲ ਆਪਣੀ ਤਿੰਨ ਮਹੀਨਾ ਯੋਜਨਾ ਨੂੰ ਵੰਡਣ ਲਈ ਵਾਰੀ ਲਉ।

ਇੱਕ ਸਿਖਲਾਈ ਭਾਈਵਾਲ (ਲਾਂ) ਨੂੰ ਲੱਭੋ ਜੋ ਹਫ਼ਤੇਵਾਰ ਤੁਹਾਡੇ ਨਾਲ ਜਾਂਚਣ ਦੇ ਇਛੁੱਕ ਹੋਣ। ਉਹੀ ਉਨ੍ਹਾਂ ਲਈ ਕਰਨ ਵਾਸਤੇ ਸਮਰਪਣ ਰਹੋ।

## ਅਗਲਾ ਕਦਮ

**ਭਾਈਚਾਰੇ ਨਾਲ ਜੁੜੋ**

ਜ਼ੂਮੇ ਦਾ ਸਿਖਲਾਈ ਭਾਗ ਸਮਾਪਤ ਹੋ ਰਿਹਾ ਹੈ, ਪਰ ਸਿਧਾਂਤਾਂ ਅਤੇ ਸਾਧਨਾਂ ਦਾ ਅਭਿਆਸ ਕਰਨਾ ਜਾਰੀ ਰਹਿੰਦਾ ਹੈ।
ਇਸ ਨੂੰ ਇਕੱਲੇ ਨਾ ਕਰੋ। ਉਤਸ਼ਾਹ ਅਤੇ ਵਾਧੇ ਲਈ ਇੱਕ ਭਾਈਚਾਰੇ ਨੂੰ ਲੱਭੋ।
QR ਕੋਡ ਦੀ ਵਰਤੋਂ ਕਰਦੇ ਹੋਏ ਜ਼ੂਮੇ ਭਾਈਚਾਰੇ ਨਾਲ ਸ਼ਾਮਲ ਹੋਵੋ।

### ਜ਼ੂਮੇ ਸਿਖਲਾਈ ਨੂੰ ਪੂਰਾ ਕਰਨ ਲਈ ਵਧਾਈਆਂ ਹੋਣ!

